**SATJUG**
1920 ਤੋਂ ਸਾਲ 99 ਵਾਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**Price:Rs.5/-**

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ

੩ ਮਾਘ ਤੋਂ ੩ ਫੱਗਣ ੨੦੭੬ ਬ੍ਰਿ.
16 Jan. To 15 Feb. 2020

ਜਿਲਦ 27
ਨੰਬਰ 23-24
Total Pages 52



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ



ਮਲੇਰਕੋਟਲਾ ਸ਼ਹੀਦੀ ਸਮਾਗਮ





ਮੇਲਾ ਬਸੰਤ ਪੰਚਮੀ ਸ੍ਰੀ ਭੈਣੀ ਸਾਹਿਬ





ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮਨਾਏ ਗਏ ਸਮੇਂ ਦੀਆਂ ਝਲਕੀਆਂ



ਸਤਿਗੁਰੂ ਜਗਜੀਤ ਜਗਜੀਤ ਸਿੰਘ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ 'ਚ ਜਾਲਖੇੜੀ ਵਿਖੇ ਸਿਮ੍ਰਤੀ ਸਮਾਗਮ






ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਨਾਮਧਾਰੀ ਲਹਿਰ ਬਾਰੇ ਦੋ ਦਿਨਾਂ ਅੰਤਰ ਰਾਸ਼ਟਰੀ ਸੈਮੀਨਾਰ

# ਸਤਿਜੁਗ

੩ ਮਾਘ ਤੋਂ ੩ ਫੱਗਣ ੨੦੭੬ ਬਿ.
16 ਜਨਵਰੀ ਤੋਂ 15 ਫਰਵਰੀ 2020 ਈ:
ਜਿਲਦ 27, ਨੰਬਰ 23-24

**ਸਤਿਜੁਗ**:ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,ਨਵੀਂ ਦਿੱਲੀ-110015


Editorial Board:

*Harvendra Singh Hanspal*
*Suwarn Singh Virk*
*Gurbhej Singh Guraya*
*Nishan Singh*
*Harpal Singh Sewak*


***Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.***

**Date of Publication: 13-11-2019,**
**Date of Posting: 14-15 Nov. 2019**
**Posted at PSO New Delhi-110001**

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

**Account Name: Vishav Namdhari Sangat**
**A/c: 13101450000043**
**Ifsc code: HDFC0001310**

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USਧ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$USD ਡਾਲਰ

**Designed and Typeset by Hakam Singh**
**Vishav Namdhari Sangat, Sri Bhaini Sahib**
satjug@sribhainisahib.com


ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
99147-02201


# ਤਤਕਰਾ


* ਸੰਪਾਦਕੀ-- ਸਿੱਖੀ-ਸੱਭਿਆਚਾਰ ਦੀ ਨਿਰੰਤਰਤਾ......
ਹਰਪਾਲ ਸਿੰਘ ਸੇਵਕ....................................4

* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ............................7

* ਇਲਾਹਾਬਾਦ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ......
ਦਵਿੰਦਰ ਸਿੰਘ ਗਿੱਲ ਜੀਆ ਨੱਥਾ ......................9

* ਅੰਗਰੇਜ਼ ਸਰਕਾਰ ਦੀ ਬੁੱਚੜਖਾਨਿਆਂ ਪ੍ਰਤੀ ਨੀਤੀ......
ਸ. ਗੁਰਦੇਵ ਸਿੰਘ ਸਿੱਧੂ ਮੋਹਾਲੀ.........................12

* ਕੂਕੇ ਸਿੰਘਾਂ ਦੀ ਕਥਾ...
ਨਿਸ਼ਾਨ ਸਿੰਘ ਕਥਾਕਾਰ ................................14

* ਧਰਮ ਦੀ ਯਾਤ੍ਰਾ: ਸਨਾਤਨ ਤੋਂ ਸਿੱਖੀ ਤੱਕ
ਡਾ. ਜੈ ਇੰਦਰ ਪਾਲ ਸਿੰਘ..............................21

* ਕ੍ਰਾਂਤੀਕਾਰ ਦੀ ਵਾਰ
ਸ. ਸਵਰਨ ਸਿੰਘ ਸਨੇਹੀ ..............................27

* *The Martyrs of Malerkotla*
*Gurmukh Singh Advocate.............................30*

* *A Saga Of Sri Satguru Jagjit Singh ji*
*Dr. Sharada Jayagovind...............................32*

* **ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਾਲ 2019 ਦੇ ਰੋਜ਼ਾਨਾ ਦੌਰੇ**
**ਤਰਲੋਕ ਸਿੰਘ ਫਗਵਾੜਾ ........................33**

* ਖ਼ਬਰਨਾਮਾ........................................................36

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬ੍ਰਿ. (1920 ਈ:) ਤੋਂ ਸਥਾਪਿਤ
ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ।        ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

# ਸਿੱਖੀ-ਸਭਿਆਚਾਰ ਦੀ ਨਿਰੰਤਰਤਾ

15 ਵੀਂ ਸਦੀ ਈਸਵੀ ਵਿਚ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਪੰਜਾਬ ਦੀ ਧਰਤੀ ਤੇ ਦੀਨੀਂ ਅਤੇ ਦੁਨਿਆਵੀ, ਮੀਰੀ ਅਤੇ ਪੀਰੀ ਦਾ ਸੁਮੇਲ ਸਿੱਖੀ-ਸਭਿਆਚਾਰ ਦਾ ਜਨਮ ਹੋਇਆ। ਪੂਰਨ-ਸਤਿਗੁਰੂ ਦੀ ਰਹਿਨੁਮਾਈ ਹੇਠ ਹਰ ਜਾਤ, ਕੌਮ ਦੇ ਲੋਕ, ਸਿੱਖੀ-ਸਭਿਆਚਾਰ ਦੀ ਰੰਗਨ ਵਿਚ ਰੰਗੇ ਗਏ।

ਸਿੱਖੀ-ਸਭਿਆਚਾਰ: ਜਿਸਦਾ ਜਨਮ ਰਬਾਬ ਦੇ ਮਧੁਰ ਅਲਾਪ ਵਿਚੋਂ ਹੋਇਆ, ਇਲਾਹੀ ਬਾਣੀ ਜਿਸਦਾ ਵਿਧਾਨ ਹੈ, ਕਿਰਤ ਕਰਨੀ, ਨਾਮ ਜੱਪਣਾ, ਵੰਡ ਛਕਣਾ ਅਤੇ ਨਿਮਰਤਾ, ਨਿਰਮਲਤਾ, ਪ੍ਰੇਮਾਂ-ਭਗਤੀ, ਸੱਚ, ਸੁੱਚ, ਸੰਜਮ, ਸੇਵਾ, ਸਿਮਰਨ ਆਦਿ ਦੈਵੀ ਗੁਣ, ਸਿੱਖੀ ਜੀਵਨ ਜਾਚ ਦਾ ਆਧਾਰ ਹੈ। ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣਾ ਅਤੇ ਸਰਬੱਤ ਦਾ ਭਲਾ ਲੋਚਣਾ ਸਿੱਖੀ ਸਭਿਆਚਾਰ ਦੀ ਕਾਮਨਾ ਹੈ ਅਤੇ 'ਹਿੰਦੂਓਂ ਕੇ ਗੁਰੂ, ਮੁਸਲਮਾਨੋਂ ਕੇ ਪੀਰ, ਸਰਬ ਸਾਂਝੇ ਪੈਗੰਬਰ ਜਗਤ ਗੁਰੂ, ਸਤਿਗੁਰੂ ਨਾਨਕ ਦੇਵ ਜਿਸਦੇ ਬਾਨੀ ਹਨ।

ਸਿੱਖੀ-ਸਭਿਆਚਾਰ ਦੇ ਸੰਸਥਾਪਕ ਸਤਿਗੁਰੂ ਨਾਨਕ ਦੇਵ ਜੀ ਨੇ ਇਸ ਨਾਸ਼ਵਾਨ ਸੰਸਾਰ ਤੋਂ ਕੂਚ ਕਰਨ ਤੋਂ ਪਹਿਲਾਂ ਲਹਿਣਾ ਜੀ ਨੂੰ ਆਪਣਾ ਰੂਪ ਬਖਸ਼ ਕੇ, ਆਪਣਾ ਹੀ ਅੰਗ: ਅੰਗਦ ਬਣਾ ਕੇ ਅਬਿਚਲ-ਅੱਟਲ ਗੁਰ ਪੀੜ੍ਹੀ ਦੀ ਸਥਾਪਨਾ ਕੀਤੀ-

ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥ ਅਤੇ
ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ॥

ਕੇਵਲ ਕਾਇਆ (ਸਰੀਰ) ਹੀ ਬਦਲਦੀ ਰਹੀ, ਜੋਤਿ (ਰੱਬੀ ਜੋਤਿ) ਅਤੇ ਜੁਗਤਿ (ਮਰਿਯਾਦਾ) ਉਹੋ ਹੀ ਰਹੀ। ਸਤਿਗੁਰੂ ਨਾਨਕ ਦੇਵ ਜੀ ਦੇ ਜ਼ਾਂ-ਨਸ਼ੀਨ ਸਤਿਗੁਰੂ ਸਾਹਿਬਾਨ ਨੇ ਸਿੱਖੀ ਸਭਿਆਚਾਰ ਨੂੰ ਇਕ ਨਿਰੰਤਰਤਾ ਬਖਸ਼ੀ। ਸਿੱਖੀ-ਸਭਿਆਚਾਰ ਇਕ ਨਿਰਮਲ ਜਲ ਦੀ ਝੀਲ ਸਮਾਨ ਨਹੀਂ ਸਗੋਂ ਦਰਿਆ ਸਮਾਨ ਜਲੰਤ ਪ੍ਰਵਾਰ ਹੈ ਜੋ ਧਰਤੀ ਨੂੰ ਹਰਿਆਵਲ ਬਖਸ਼ਣ ਵਾਂਗ ਜੀਵ, ਜੰਤੂਆਂ ਲਈ ਜੀਵਨ-ਦਾਤਾ ਹੈ। ਸਿੱਖੀ-ਸਭਿਆਚਾਰ ਜੀਵਨ ਦੇ ਕਿਸੇ ਵੀ ਪਹਿਲੂ ਬਾਰੇ ਨਾ ਮੌਨ ਹੈ, ਨਾ ਸੰਕੀਰਨ ਹੈ ਸਗੋਂ ਗੁਰੂ ਸਾਹਿਬਾਨ ਨੇ ਵੱਖੋ-ਵੱਖ ਪ੍ਰਸਥਿਤੀਆਂ ਵਿਚ ਦਰਪੇਸ਼ ਚੁਨੌਤੀਆਂ ਦਾ ਮੁਕਾਬਲਾ ਕਰਕੇ ਸਿੱਖੀ ਨੂੰ ਸਮੇਂ ਦਾ ਹਾਣੀ ਬਣਾਇਆ।

ਸੂਖਮ ਕਲਾਵਾਂ, ਸਾਹਿਤ ਅਤੇ ਸੰਗੀਤ ਦਾ ਸੁਮੇਲ, ਰਬਾਬ ਦੀ ਟਣਕਾਰ ਤੇ ਰੱਬੀ ਗੀਤ, ਪ੍ਰਭੂ ਦੀ ਕੀਰਤੀ ਗਾਉਣ ਵਾਲੇ ਹੱਥ ਸਮੇਂ ਦੀ ਵੰਗਾਰ ਤੇ ਤਲਵਾਰ ਦੇ ਕਬਜੇ ਤੇ ਜਾ ਟਿਕੇ। ਜਬਰ ਦਾ ਮੁਕਾਬਲਾ ਸਬਰ ਨਾਲ ਕਰਨ ਤੋਂ ਬਾਅਦ ਛੇਵੇਂ ਜਾਮੇਂ ਵਿਚ ਰਬਾਬ ਦੀ ਤਾਰ, ਤੇਗ ਦੀ ਧਾਰ ਵਿਚ ਤਬਦੀਲ ਹੋ ਗਈ। ਮੀਰੀ ਅਤੇ ਪੀਰੀ ਦਾ ਸੰਜੋਗ ਹੋਇਆ। ਭਗਤੀ ਦੇ ਨਾਲ ਸ਼ਕਤੀ ਪ੍ਰਗਟ ਹੋਈ।

ਮਾਨਵਤਾ ਦੇ ਇਤਿਹਾਸ ਵਿਚ ਭਗਤ, ਦਾਤੇ ਅਤੇ ਸੂਰਮੇ ਮਨੁੱਖ ਸਤਿਕਾਰੇ ਅਤੇ ਪੂਜੇ ਜਾਂਦੇ ਹਨ। ਸਿੱਖੀ ਸਭਿਆਚਾਰ

ਦੇ ਰਹਿਨੁਮਾ ਸਰਬ-ਗੁਣ-ਸੰਪੰਨ ਸਤਿਗੁਰੂ ਸਾਹਿਬਾਨ ਨੇ ਪੂਰਨ ਮਨੁੱਖ ਸਿਰਜਿਆ, ਦਾਤੇ, ਭਗਤ ਅਤੇ ਸੂਰਮੇ ਪੈਦਾ ਕੀਤੇ। ਸਿਖਾਂ ਨੇ ਉੱਚੇ-ਸੁੱਚੇ ਕਿਰਦਾਰ ਸਦਕਾ ਉਹ ਮਹਾਨ ਕੀਰਤੀਮਾਨ ਸਥਾਪਿਤ ਕੀਤੇ ਜਿਸ ਅੱਗੇ ਹਰ ਕਿਸੇ ਦਾ ਸਿਰ ਝੁਕਦਾ ਹੈ।

ਦਸਮ ਪਾਤਸ਼ਾਹ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਸਭਿਆਚਾਰ ਨੂੰ ਪਿਉਂਦ ਕਰਕੇ ਖਾਲਸ ਰੂਪ, ਸ਼ੁੱਧ-ਸਰੂਪ, ਖਾਲਸਾ ਪੰਥ ਦੀ ਸਿਰਜਨਾ ਕੀਤੀ। ਸ਼ੁਭ ਗੁਣਾਂ ਦੀ ਟੇਕ ਰੱਖ ਕੇ, ਜਬਰ ਅਤੇ ਜੁਲਮ ਵਿਰੁੱਧ ਸੰਘਰਸ਼ ਅਰੰਭਿਆ ਅਤੇ 'ਨਿਸਚੈ ਕਰਿ ਅਪੁਨੀ ਜੀਤ ਕਰੋ' ਦਾ ਸਬਕ ਸਿਖਾਇਆ। ਆਪ ਸਰਬੰਸ ਦਾਨ ਕਰਕੇ ਕਿਸੇ ਉੱਚ ਆਦਰਸ਼ ਦੀ ਪੂਰਤੀ ਲਈ ਮਹਾਨ ਬਲਿਦਾਨ ਦਾ ਪਾਠ ਪੜ੍ਹਾਇਆ।

ਸਦੀਆਂ ਦੇ ਫਰਕ ਨਾਲ ਵੀ ਸਿੱਖੀ-ਸਿਧਾਂਤ ਦਾ ਮੂਲ ਅਧਾਰ 'ਏਕ ਪਿਤਾ, ਏਕਮ ਕੇ ਹਮ ਬਾਰਿਕ' ਅਤੇ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਹੀ ਰਿਹਾ। ਆਦਿ ਗੁਰੂ ਸਤਿਗੁਰੂ ਨਾਨਕ ਦੇਵ ਉਦਾਸੀਆਂ ਅਰੰਭ ਕਰਨ ਵੇਲੇ ਵੇਈਂ ਨਦੀ ਚੋਂ ਬਾਹਰ ਆ ਕੇ ਪਹਿਲਾ ਪੈਗ਼ਾਮ ਦੇਂਦੇ ਹਨ-

"ਨਾ ਹਮ ਹਿੰਦੂ, ਨਾ ਮੁਸਲਮਾਨ" ਅਤੇ
'ਨਾਨਕ ਆਖੇ ਰੁਕਨਦੀਨ, ਸ਼ੁਭ ਅਮਲਾਂ ਬਾਝੋਂ ਦੋਨੋ ਰੋਈ।'

ਏਸੇ ਲਈ ਗੁਰੂ ਸਾਹਿਬ ਨੂੰ ਹਿੰਦੂ ਆਪਣਾ ਗੁਰੂ ਅਤੇ ਮੁਸਲਮਾਨ ਆਪਣਾ ਪੀਰ ਕਹਿ ਕੇ ਸਤਿਕਾਰਦੇ ਹਨ। ਇਸੇ ਜੋਤ ਦੇ ਦਸਵੇਂ ਵਾਰਸ, ਪੀਰ ਭੀਖਣ ਸ਼ਾਹ ਦੀ ਪਰਖ ਤੇ ਕਿ ਇਹ ਹਿੰਦੂਆਂ ਦੇ ਹਨ ਕਿ ਮੁਸਲਮਾਨਾਂ ਦੇ, ਦੋ ਕੁੱਜੇ ਸਾਮ੍ਹਣੇ ਕਰਨ ਤੇ ਗੁਰੂ ਸਾਹਿਬ ਦੋਵਾਂ ਕੁੱਜਿਆਂ ਤੇ ਦੋਵੇਂ ਹੱਥ ਰੱਖ ਕੇ ਸੰਕੇਤ ਕਰਦੇ ਹਨ ਕਿ ਸਭ ਮੇਰੇ ਹਨ, ਮੈਂ ਸਭਦਾ ਹਾਂ।

ਸਿੱਖੀ ਸਭਿਆਚਾਰ ਇਕ ਜੀਵੰਤ ਸਭਿਆਚਾਰ ਹੈ ਜਿਸਨੇ ਦੱਬੇ-ਕੁਚਲੇ ਲੋਕਾਂ ਨੂੰ ਹਿੱਕ ਤਾਣ ਕੇ ਜੀਊਣ ਜੋਗੇ ਕੀਤਾ। ਇਸੇ ਲਈ ਪ੍ਰੋ: ਪੂਰਨ ਸਿੰਘ ਲਿਖਦੇ ਹਨ-

ਪੰਜਾਬ ਨਾ ਹਿੰਦੂ, ਨਾ ਮੁਸਲਮਾਨ,
ਪੰਜਾਬ ਜਿਊਂਦਾ ਗੁਰਾਂ ਦੇ ਨਾਮ ਤੇ।

ਸਦੀਆਂ ਤੋਂ ਗੁਲਾਮ ਪੰਜਾਬ ਦੀ ਧਰਤੀ ਤੇ ਅਣਗਿਣਤ ਕੁਰਬਾਨੀਆਂ ਤੋਂ ਬਾਅਦ ਸਰਬ ਸਾਂਝਾ ਖਾਲਸਾ ਰਾਜ ਕਾਇਮ ਹੋ ਗਿਆ। ਪਰ ਕੁਝ ਦਹਾਕਿਆਂ ਵਿਚ ਹੀ ਐਸ਼ਪ੍ਰਸਤੀ ਵਿਚ ਪੈ ਕੇ ਸਿੱਖ, ਗੁਰਮਤਿ ਜੀਵਨ ਜਾਚ ਤੋਂ, ਸਿੱਖੀ-ਸਭਿਆਚਾਰ ਤੋਂ ਮੁੱਖ ਮੋੜ ਬੈਠੇ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਇਸ ਸਮੇਂ ਬਾਰੇ ਬੜੇ ਵਿਸਥਾਰ ਵਿੱਚ ਲਿਖਦੇ-

ਸਿੰਘਨ ਕੇ ਪੂਤ ਸਿੰਘ ਨਾਮ ਮਜਬੂਤ ਵਾਲੇ
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈਂ।

ਸਿੱਖ ਨਾਮ-ਬਾਣੀ ਅਤੇ ਸਿੱਖੀ ਰਹਿਤ ਮਰਿਯਾਦਾ ਛੱਡ ਬੈਠੇ। ਮਾਸ-ਸ਼ਰਾਬ, ਕਬਾਬ ਆਮ ਹੋ ਗਿਆ। ਮੁਗਲ ਨਵਾਬਾਂ ਵਾਲੇ ਐਬ ਸਿੱਖ ਸਰਦਾਰਾਂ ਵਿਚ ਆ ਗਏ। ਗਿਆਨੀ ਜੀ ਏਥੋਂ ਤੱਕ ਲਿਖਦੇ ਹਨ-

ਅਬ ਤੋ ਭਏ ਮਲੇਛ ਸਿੱਖ ਸਭ ਰਾਜ ਇਨੋਂ ਕਾ ਜਾਵੈ।

ਪਰ ਇਸ ਸਮੇਂ ਵਿੱਚ ਵੀ ਸਿੱਖੀ ਦੀ ਜੋਤ ਸਤਿਗੁਰੂ ਬਾਲਕ ਸਿੰਘ ਜੀ ਦੇ ਰੂਪ ਵਿਚ ਹਜ਼ਰੋਂ ਵਿਚ ਜਗਦੀ ਰਹੀ। ਸਿੱਖੀ ਸਭਿਆਚਾਰ ਦਾ ਬੀਜ ਸ਼ੁਧ ਰੂਪ ਵਿਚ ਬਚਿਆ ਰਿਹਾ। ਸਤਿਗੁਰੂ ਰਾਮ ਸਿੰਘ ਜੀ ਕ੍ਰੀਬ 22 ਕੁ ਸਾਲ ਦੀ ਉਮਰ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋਏ। ਉਥੇ ਵੀ ਆਪ ਨੇ ਨਾਮ ਬਾਣੀ ਦਾ ਅਜੇਹਾ ਪ੍ਰਵਾਹ ਚਲਾਇਆ ਕਿ ਆਪ ਦੀ ਫੌਜੀ ਟੁਕੜੀ ਦਾ ਨਾਮ 'ਭਗਤਾਂ ਵਾਲੀ ਫੌਜ' ਪ੍ਰਸਿਧ ਹੋ ਗਿਆ। 1841 ਵਿਚ ਇਹ ਫੌਜੀ ਟੁਕੜੀ ਪੇਸ਼ਾਵਾਰ ਵੱਲ ਜਾਂਦਿਆਂ ਹਜ਼ਰੋਂ ਰੁਕੀ ਤਾਂ ਸਤਿਗੁਰੂ ਰਾਮ ਸਿੰਘ ਜੀ ਫੌਜੀ ਸਾਥੀਆਂ ਨਾਲ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕਰਨ ਗਏ। ਸਤਿਗੁਰੂ ਬਾਲਕ ਸਿੰਘ ਜੀ ਨੇ ਆਪ ਨੂੰ ਗੁਰਤਾ ਗੱਦੀ ਬਖਸ਼ ਕੇ ਬਚਨ ਕੀਤਾ- 'ਪੰਥ ਗੁਰੂ ਦਸਮ ਕੀ ਰਸਮ ਬਢਾਵੋ ਜਗ।" ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਵਿਚ ਮੁੜ ਸਿੱਖੀ ਸੁਰਜੀਤ ਕਰ ਦਿੱਤੀ। ਨਾਮ ਬਾਣੀ ਅਤੇ ਕੀਰਤਨ ਦਾ ਪ੍ਰਵਾਹ ਜਾਰੀ ਹੋ ਗਿਆ- ਜਿਵੇਂ ਕਲਿਜੁਗ ਵਿਚ ਸਤਿਜੁਗ ਲਗ ਗਿਆ-

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਿਓ।

ਹੁੱਕੇ ਛੁਡਵਾਏ ਰਖਵਾਏ ਕੇਸ ਮੋਨਿਯੋ ਕੇ,
ਸੁਧਾ ਛਕ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਿਯੋ ਜਸ ਭਾਰੀ ਸਿੱਖ ਥੀਏ ਤਾਹਿ ਕੇ ਅਪਾਰੀ
ਸਿੱਖ ਪੰਥ ਬਿਰਧਾਇਯੋ ਨਾਮ ਰਸ ਪਾਗਿਯੋ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਜਾਰੀ,
ਠੱਗੀ ਤਜ, ਥੀਏ ਸੰਤ, ਸਤਿਜੁਗ ਆ ਗਇਓ।

ਨਾਮਧਾਰੀ ਬਾਰਾਂ ਮਾਂਹ ਵਿਚ ਸੰਤ ਨਿਹਾਲ ਸਿੰਘ ਜੀ ਬੜੇ ਭਾਵਪੂਰਤ ਸ਼ਬਦਾਂ ਵਿਚ ਨਾਮਧਾਰੀ ਸਿੱਖਾਂ ਦੀ ਜੀਵਨ ਸ਼ੈਲੀ ਬਾਰੇ ਜਿਕਰ ਕਰਦਿਆਂ ਲਿਖਦੇ ਹਨ-

ਚੇਤਰ ਚਾਲ ਹੈ ਨਿਆਰੀ, ਇਕ ਪੰਥ ਨਾਮਧਾਰੀ,
ਸਿੰਘ ਹੋਏ ਬੇਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾਂ ਕੇਸ ਕਿਰਪਾਨ, ਕੱਛ ਕੜਾ ਇਹ ਪਛਾਣ,
ਏਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ। ਅਤੇ
ਹਾੜ ਹੋਰ ਗਲ ਚੰਗੀ, ਵੱਜੇ ਸਾਰੰਦਾ ਸਾਰੰਗੀ
ਸ਼ਬਦ ਪੜ੍ਹਦੇ ਬੇਅੰਤ, ਅੰਤ ਰਹੇ ਨਾ ਸੁਆਦ ਦਾ।

ਸਿੱਖੀ ਸਭਿਆਚਾਰ ਦੀ ਨਿਰੰਤਰਤਾ ਹੀ ਹੈ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਤੋਂ ਹੋਲਾ ਮਹੱਲਾ ਸ਼ੁਰੂ ਕੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਹੋਲੇ ਮਹੱਲੇ ਨਾਲ ਹੱਲੇ ਦਾ ਕੀਰਤਨ (ਢੋਲਕ ਛੈਣਿਆਂ ਨਾਲ ਬੀਰ ਰਸੀ ਧੁਨਾਂ ਤੇ) ਸ਼ੁਰੂ ਕੀਤਾ।

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿੱਖੀ ਸਭਿਆਚਾਰ ਦੀ ਪੁਨਰ ਸੁਰਜੀਤੀ ਅਤੇ ਖਾਲਸਈ ਸਵੈਮਾਨ ਦੀ ਪੁਨਰ ਸਥਾਪਤੀ: ਦੋ ਸਮਕਾਲੀ ਇਤਿਹਾਸਕਾਰਾਂ ਦੀ ਗਵਾਹੀ ਨਾਲ ਹੀ ਸਮਾਪਨ ਕਰਦੇ ਹਾਂ:

1882 ਈ: ਵਿਚ ਲਿਖੀ ਗਈ 'ਤਾਰੀਖ-ਏ-ਵਾਕਰੀ' ਵਿਚ ਮੌਲਵੀ ਗੁਲਾਮ ਭੀਖ ਜਲੰਧਰੀ ਲਿਖਦੇ ਹਨ:
"ਮੈਂ ਖੁਦ ਭੈਣੀ ਸਾਹਿਬ ਗਿਆ ਔਰ ਦੇਖਾ। ਕੂਕਿਓਂ ਨੇ ਜੋ ਤਰੀਕਾ ਇਖਤਿਆਰ ਕੀਆ ਹੈ, ਵੋਹ ਔਰ ਕੁਛ ਨਹੀਂ, ਵੁਹ ਅਸਲ ਮਜ਼੍ਹਬ ਸਿੱਖੋਂ ਕਾ ਹੀ ਹੈ। ਔਰ ਉਸੇ ਉਨਹੋਂ ਨੇ ਦੁਬਾਰਾ ਰੌਣਕ ਦੀ ਹੈ।

ਨਾਨਕ ਸ਼ਾਹ ਕੀ ਤਰਹ ਰਾਮ ਸਿੰਘ ਭੀ ਹਰ ਕੌਮ ਔਰ ਹਰ ਜ਼ਾਤ ਕੋ ਅਪਨੇ ਮਹਜ਼ਬ ਵਾ ਫਿਰਕੇ ਮੇਂ ਮਿਲਾ ਲੇਤਾ ਹੈ। ਮੁਸਲਮਾਨੋਂ ਕੋ ਭੀ ਕੂਕਾ ਕਰ ਲੇਤਾ ਹੈ। ਕਿਸੀ ਜਾਤ ਕੀ ਕੈਦ ਨਹੀਂ। ਗੁਰੂ ਗੋਬਿੰਦ ਸਿੰਘ ਕੋ ਅਪਨਾ ਦੇਵਤਾ ਮਾਨਤੇ ਹੈਂ। ਚੋਰੀ, ਜ਼ਨਾਕਾਰੀ, ਸ਼ਰਾਬਖੋਰੀ ਔਰ ਕੁਲ ਮੁਸਕਰਾਤੇਫਸਾਦ, ਗੋਸ਼ਤ ਔਰ ਝੂਟ ਉਨ ਕੇ ਕਤਈ ਮਨਹ ਹੈ।"

ਇਸੇ ਤਰ੍ਹਾਂ ਪ੍ਰਸਿਧ ਇਤਿਹਾਸਕ ਪੁਸਤਕ 'ਗੁਲਸ਼ਨ-ਏ-ਪੰਜਾਬ' ਜੋ 1872 ਈ. ਵਿਚ ਲਿਖੀ ਗਈ, ਵਿੱਚ ਪੰਡਤ ਦੇਬੀ ਪ੍ਰਸਾਦਿ ਲਿਖਦੇ ਹਨ-

(ਗੁਰੂ) ਰਾਮ ਸਿੰਘ ਦੇ ਅਸੂਲ ਅਤੇ ਬਚਨ ਨਾਨਕਸ਼ਾਹ (ਸਤਿਗੁਰੂ ਨਾਨਕ ਦੇਵ ਜੀ) ਵਰਗੇ ਹਨ। ਉਹ ਇਕ ਰੱਬ ਨੂੰ ਮੰਨਦਾ ਹੈ, ਕੌਮਾਂ ਵਿਚ ਭਿੰਨ ਭੇਦ, ਉਸਦੇ ਬਚਨਾਂ ਅਨੁਸਾਰ ਇਕ ਫਜ਼ੂਲ ਜਿਹੀ ਚੀਜ਼ ਹੈ ਅਤੇ ਬੁੱਤ ਪੂਜਾ ਬਿਲਕੁਲ ਬਕਵਾਸ ਹੈ। ਇਸ ਤੋਂ ਅੱਗੇ ਲਿਖਦੇ ਹਨ-

"ਉਸਦੇ ਬਚਨਾਂ ਦਾ ਵੇਰਵਾ ਉਸ ਇਸ਼ਤਿਹਾਰ (ਰਹਿਤਨਾਮਾ) ਤੋਂ ਪਤਾ ਲਗੇਗਾ ਜੋ ਉਸ ਨੇ ਆਪਣੇ ਮੁਰੀਦਾਂ ਵਿਚਕਾਰ ਵੰਡਿਆ ਸੀ। ਉਹ ਗੱਲ ਇਸ ਪ੍ਰਕਾਰ ਹੈ ਕਿ ਨੇਕੀ ਅਤੇ ਪਵਿੱਤਰ ਜੀਵਨ ਬਤੀਤ ਕਰੋ ਅਤੇ ਅੱਠੇ ਪਹਿਰ ਰੱਬ ਨੂੰ ਚੇਤੇ ਰੱਖੋ। ਦੂਜਿਆਂ ਦੀਆਂ ਧੀਆਂ, ਭੈਣਾਂ ਨੂੰ ਆਪਣੀਆਂ ਧੀਆਂ ਭੈਣਾਂ ਸਮਝੋ। ਕਿਸੇ ਨੂੰ ਦੂਜੇ ਦੀ ਨਿੰਦਿਆ ਨਾ ਕਰਨ ਦਿਉ, ਸ਼ਾਂਤੀ ਨਾਲ ਰਹੋ। ਜੇ ਕੋਈ ਤੁਹਾਨੂੰ ਮਾਰੇ ਤਾਂ ਵੀ ਬਰਦਾਸ਼ਤ ਕਰ ਜਾਵੋ, ਕਿਉਂਕਿ ਰੱਬ ਤੁਹਾਡਾ ਸਹਾਈ ਹੈ। ਆਪਣੇ ਚੰਗੇ ਕੰਮਾਂ ਨੂੰ ਸਦਾ ਲੁਕਾ ਕੇ ਰੱਖੋ। ਕੋਈ ਆਦਮੀ ਚੋਰੀ ਜਾਂ ਵਿਭਚਾਰ ਕਰਦਾ ਹੈ ਤਾਂ ਉਸਨੂੰ ਆਪਣੇ ਵਿਚ ਸ਼ਾਮਲ ਨਾ ਕਰੋ। ਨਾ ਮਾਸ ਖਾਓ, ਨਾ ਸ਼ਰਾਬ ਪੀਓ। ਆਪਣੇ ਦਿਲ ਵਿਚ ਰੱਬ ਦਾ ਡਰ ਰੱਖੋ।"

**-ਹਰਪਾਲ ਸਿੰਘ 'ਸੇਵਕ'**

# ਪ੍ਰਵਚਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**17 ਜਨਵਰੀ 2020** **ਸ਼ਹੀਦੀ ਮੇਲਾ ਮਲੇਰਕੋਟਲਾ**

ਪਰਮ ਸਤਿਕਾਰ ਯੋਗ ਸਾਧ ਸੰਗਤ ਜੀ, ਅੱਜ ਆਪਾਂ ਉਹਨਾਂ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਇਕੱਠੇ ਹੋਏ ਹਾਂ। ਆਪਣੇ ਇਹ ਧੰਨ ਭਾਗ ਨੇ ਕਿ ਅਸੀਂ ਉਹਨਾਂ ਦੀ ਯਾਦ ਮਨਾਉਂਦੇ ਹਾਂ। ਉਹਨਾਂ ਦੀ ਸਿਫਤ ਕਰਦੇ ਹਾਂ। ਸਾਡੇ ਗੁਰੂਆਂ ਦੀ ਸਿਫਤ ਕਰਦੇ ਹਾਂ। ਇਹ ਘੜੀਆਂ ਸਾਡੀਆਂ ਲੇਖੇ ਲੱਗਦੀਆਂ ਹਨ। ਜਿਸ ਪਾਤਸ਼ਾਹ ਨੇ ਉਹਨਾਂ ਤੇ ਇਹ ਕ੍ਰਿਪਾ ਕੀਤੀ ਉਹਨਾਂ ਨੂੰ ਫਾਂਸੀਆਂ ਤੋਂ ਡਰ ਨਾ ਲੱਗਾ। ਉਹਨਾਂ ਨੂੰ ਤੋਪਾਂ ਤੋਂ ਡਰ ਨਾ ਲੱਗਾ। ਉਹ ਖੁਸ਼ੀ ਖੁਸ਼ੀ ਸ਼ਹੀਦ ਹੋਏ। ਉਸ ਸੱਚੇਪਾਤਸ਼ਾਹ ਨੂੰ ਇਕ ਵਾਰੀ ਯਾਦ ਕਰਦੇ ਹੋਏ ਬੜੇ ਪਿਆਰ ਨਾਲ ਆਖੀਏ ਧੰਨ ਸਤਿਗੁਰੂ ਰਾਮ ਸਿੰਘ ਸੱਚੇਪਾਤਸ਼ਾਹ ਜੀ।

ਇਸ ਦੇਸ਼ ਦੀ ਆਜ਼ਾਦੀ, ਜਿਸ ਤਰ੍ਹਾਂ ਹੁਣੇ ਤੁਹਾਡੇ ਨਾਲ ਵਿਰਕ ਸਾਹਿਬ ਨੇ ਗੱਲ ਕੀਤੀ ਸੀ ਕਿ ਇਕ ਵਾਰੀ 1857 ਦੇ ਗਦਰ ਤੋਂ ਬਾਅਦ ਬੜੇ ਜ਼ੋਰ ਨਾਲ ਅੰਗਰੇਜ਼ਾਂ ਨੇ ਗਦਰ ਨੂੰ ਦਬਾ ਦਿਤਾ ਸੀ ਕਿ ਮੁੜਕੇ ਉੱਠ ਨਾ ਸੱਕਣ। ਉਸ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਇਹ ਨਾਮਧਾਰੀ ਸਿੱਖ ਉੱਠੇ। ਜਿਸ ਤਰ੍ਹਾਂ ਉਹਨਾਂ ਨੇ ਸ਼ਹੀਦੀਆਂ ਪਾਈਆਂ। ਦੁਬਾਰਾ ਇਹ ਆਜ਼ਾਦੀ ਦੀ ਲਹਿਰ ਸੁਰਜੀਤ ਹੋਈ। ਜਿਸ ਤਰ੍ਹਾਂ ਸੱਚੇ ਪਾਤਸ਼ਾਹ ਨੇ ਅੰਗੇਰੇਜਾਂ ਦੀਆਂ ਚੀਜ਼ਾਂ ਦਾ ਬਾਈਕਾਟ ਕੀਤਾ। ਉਸ ਤੋਂ ਬਾਅਦ ਕਿੰਨੇ ਹੀ ਸ਼ਹੀਦ ਹੋ ਗਏ। ਇਸ ਦੇਸ਼ ਨੂੰ ਆਜ਼ਾਦੀ ਮਿਲੀ। ਜਿਸ ਤਰ੍ਹਾਂ ਸ਼ਹੀਦ ਹੋਣ ਲੱਗਿਆਂ ਭਾਈ ਹੀਰਾ ਸਿੰਘ ਨੇ ਆਖਿਆ ਕਿ ਅਸੀਂ ਦੁਬਾਰਾ ਜਨਮ ਲੈ ਕੇ ਫੇਰ ਆਏ ਲੈ। ਜਿਨ੍ਹਾਂ ਚਿਰ ਅਸੀਂ ਤੈਨੂੰ ਏਸ ਦੇਸ਼ ਚੋਂ ਕੱਢ ਨਹੀਂ ਲੈਂਦੇ ਉਹਨਾਂ ਚਿਰ ਅਸੀਂ ਕਿਤੇ ਜਾਂਦੇ ਨਹੀਂ। ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਹੁਕਮ ਕਰਦੇ ਨੇ, ਸ਼ਹੀਦ ਊਧਮ ਸਿੰਘ ਜੀ ਸਨ ਭਾਵੇਂ ਉਹ ਸ਼ਹੀਦ ਭਗਤ ਸਿੰਘ ਜੀ ਸਨ, ਉਹ ਸਾਰੇ ਅਸੀਂ ਸਮਝਦੇ ਹਾਂ ਉਹਨਾਂ (ਨਾਮਧਾਰੀ ਸ਼ਹੀਦਾਂ) ਵਿਚੋਂ ਹੀ ਸਨ। ਮੇਰਾ ਦਿਲ ਕਰਦਾ ਹੈ ਕਿ ਆਪਾਂ ਇਕ ਵਾਰੀ ਯਾਦ ਕਰੀਏ ਜਿਥੋਂ ਇਹ ਪ੍ਰੇਰਨਾ ਮਿਲੀ। ਇਹ ਦੇਸ਼ ਜੋ ਇਸ ਰੂਪ ਵਿਚ ਹੈ। ਉਹ ਸਾਡੇ ਸਿੱਖ ਗੁਰੂਆਂ ਦੀ ਕ੍ਰਿਪਾ ਨਾਲ, ਸਾਡੇ ਸਿੱਖ ਸ਼ਹੀਦਾਂ ਦੀ ਕ੍ਰਿਪਾ ਨਾਲ ਹੋਇਆ ਹੈ। ਇਕ ਵਾਰੀ ਆਪਾਂ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ। ਅਸੀਂ ਇਸ ਕਰਕੇ ਉਸ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਸਿਰ ਝੁਕਾਉਂਦਿਆਂ ਯਾਦ ਕਰਦੇ ਹਾਂ ਕਿ ਜਦੋਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ ਕਿ ਅਜੇ ਪਨੀਰੀ ਛੋਟੀ ਹੈ ਅਜੇ ਕੁਝ ਦਿਨ ਪੈ ਲੈਣ ਦਿਓ। ਸ਼ਹੀਦ ਹੀਰਾ ਸਿੰਘ ਨੇ ਆਖਿਆ ਕਿ ਸਾਨੂੰ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦਰਸ਼ਨ ਦੇ ਕੇ ਇਹ ਹੁਕਮ ਕਰਦੇ ਨੇ ਕਿ ਤੁਸੀਂ ਮਲੇਰਕੋਟਲੇ ਤੇ ਚੜਾਈ ਕਰੋ। ਜੇ ਅਸੀਂ ਉਹ ਟਾਇਮ ਦੇਖੀਏ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦੀ ਸ਼ਹੀਦੀ ਹੋਈ। ਉਦੋਂ ਔਰੰਗਜ਼ੇਬ ਨੇ ਆਖਿਆ ਕਿ ਮੈਂ ਦੋਵਾਂ ਦੀ ਥਾਂ ਇਕ ਹੀ ਕਰ ਦੇਣਾ ਹੈ। ਮੁਸਲਮਾਨ ਤੋਂ ਬਿਨ੍ਹਾਂ ਹੋਰ ਇਥੇ ਕੋਈ ਰਹੇਗਾ ਹੀ ਨਹੀਂ। ਮੈਂ ਇਹ ਬੜੇ ਸਤਿਕਾਰ ਨਾਲ ਕਹਿੰਦਾ ਹਾਂ ਕਿ ਉਹ ਵਿਰੋਧ ਸਿੱਖਾਂ ਤੇ ਮੁਸਲਮਾਨਾਂ ਦਾ ਕਦੀ ਵੀ ਨਹੀਂ ਸੀ। ਉਹ ਜਿਹੜੇ ਧਾੜਵੀ ਬਾਹਰੋਂ ਆਏ ਸੀ। ਜਿਹੜੇ ਇਸ ਦੇਸ਼ ’ਚ ਆ ਕੇ ਲੁੱਟਦੇ ਸੀ। ਇਥੋਂ ਦੀਆਂ ਬਹੂ ਬੇਟੀਆਂ ਨੂੰ ਚੁੱਕ ਕੇ ਲੈ ਜਾਂਦੇ ਸੀ। ਉਹ ਵਿਰੋਧ ਉਹਨਾਂ ਨਾਲ ਸੀ। ਜਦੋਂ ਔਰੰਗਜ਼ੇਬ ਆਖਿਆ ਕਿ ਮੈਂ ਇਕ ਹੀ ਕਰ ਦੇਣਾ। ਉਦੋਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਇਹ ਵੇਖੀਂ ਦੋ ਤੋਂ ਤਿੰਨ ਹੋਣਗੇ। ਉਹ ਉਹਨਾਂ ਦੀ ਕ੍ਰਿਪਾ ਹੋਈ। ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਹੋਈ। ਇਹ ਇਕ ਪ੍ਰੇਰਨਾ ਸਰੋਤ ਬਣਿਆ। ਜੇ ਅਸੀਂ ਕਹਿ ਲਈਏ ਇਹ ਦੇਸ਼ ਜੋ ਵਰਣਾ ਵਿੱਚ, ਧਰਮਾਂ ਵਿੱਚ ਵੰਡਿਆ ਹੋਇਆ ਸੀ। ਜੋ ਰਿਆਸਤਾਂ ਵਿਚ ਵੰਡਿਆ ਹੋਇਆ

ਸੀ। ਇਹ ਜੋ ਦੇਸ਼ ਦੀ ਅੱਜ ਬਣਤਰ ਹੈ ਇਹ ਵੀ ਸਾਡੇ ਸਤਿਗੁਰੂ ਸੱਚੇ ਪਾਤਸਾਹ ਦੀ ਕ੍ਰਿਪਾ ਹੈ। ਵਰਣਾ ਨੂੰ ਖਤਮ ਕਰਨ ਵਾਸਤੇ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਜੀ ਤੋਂ ਸ਼ੁਰੂ ਹੋ ਗਿਆ। ਪਰ ਉਹ ਜਿਸ ਢੰਗ ਨਾਲ ਅੰਮ੍ਰਿਤ ਛਕਾਇਆ। ਉਹ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ। ਫੇਰ ਮੁੜ ਕੇ ਉਸ ਸਿੱਖੀ ਨੂੰ ਸੁਰਜੀਤ ਕੀਤਾ। ਬੀਬੀਆਂ ਨੂੰ ਅੰਮ੍ਰਿਤ ਛਕਾਇਆ। ਅੰਤਰ ਜਾਤੀ ਵਿਆਹ ਕੀਤੇ। ਉਹ ਕ੍ਰਿਪਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਕੀਤੀ। ਜੇ ਆਪਾਂ ਪਿਛਲੇ ਇਤਿਹਾਸ ਵਿਚ ਚਲੇ ਜਾਈਏ ਸ਼ਾਇਦ ਕਈ ਸਦੀਆਂ ਇਹ ਦੇਸ਼ ਗੁਲਾਮ ਰਿਹਾ। ਇਹ ਦੇਸ਼ ਦੇ ਗੁਲਾਮ ਹੋਣ ਦਾ ਕਾਰਨ ਵੀ ਇਹ ਹੀ ਰਿਹਾ ਕਿ ਵਰਣਾਂ, ਜਾਤੀਆਂ ਵਿਚ ਵੰਡਿਆਂ ਰਿਹਾ। ਇਹ ਦੇਸ਼ ਦੀ ਜੋ ਬਣਤਰ ਹੋਈ ਹੈ ਇਹਨਾਂ ਵਿਚ ਕਿੰਨਿਆਂ ਦੇ ਸੀਸ ਲੱਗੇ ਨੇ, ਕਿਸ ਤਰ੍ਹਾਂ ਸ਼ਹੀਦੀਆਂ ਹੋਈਆਂ ਹਨ। ਇਹ ਮੇਲੇ ਮਨਾਉਣ ਦਾ ਇਹ ਫਾਇਦਾ ਹੈ ਕਿ ਅਸੀਂ ਉਹਨਾਂ ਨੂੰ ਯਾਦ ਕਰਦੇ ਹਾਂ। ਸਾਨੂੰ ਇਹ ਪ੍ਰੇਰਨਾ ਮਿਲਦੀ ਹੈ ਕਿ ਅਸੀਂ ਉਹਨਾਂ ਵਰਣਾ, ਜਾਤੀਆਂ, ਉਹਨਾਂ ਧਰਮਾਂ ਦੇ ਵਿੱਚ ਫਿਰ ਨਾ ਵੰਡੇ ਜਾਈਏ। ਜਿਹਨਾਂ ਨਾਲੋਂ ਤੋੜ ਕੇ ਸੱਚੇ ਪਾਤਸ਼ਾਹ ਨੇ ਸਾਨੂੰ ਇਕ ਅਕਾਲ ਦੇ ਨਾਲ ਜੋੜਿਆ। ਇਹਨਾਂ ਸ਼ਹੀਦੀਆਂ ਨੂੰ ਅਸੀਂ ਯਾਦ ਕਰਦੇ ਹੋਏ ਇਹ ਸਾਖੀਆਂ ਅਸੀਂ ਆਪਣੇ ਬੱਚਿਆਂ ਨੂੰ ਸੁਣਾਈਏ। ਜੇ ਅਸੀਂ ਸੱਚੇ ਸਿੱਖ ਬਣਨਾ ਹੈ ਸੱਚੇ ਇਨਸਾਨ ਬਣਨਾ ਹੈ ਤਾਂ ਸੱਚੇ ਪਾਤਸ਼ਾਹ ਦੇ ਦੱਸੇ ਹੋਏ ਅਸੂਲਾਂ ਤੇ ਚੱਲ ਸੱਕੀਏ। ਅੱਜ ਅਸੀਂ ਆਜ਼ਾਦ ਜ਼ਰੂਰ ਹਾਂ ਪਰ ਜਿਸ ਦੇਸ਼ ਦੀ ਕਲਪਨਾ ਭਾਈ ਹੀਰਾ ਸਿੰਘ, ਭਾਈ ਵਰਿਆਮ ਸਿੰਘ, ਸ਼ਹੀਦ ਊਧਮ ਸਿੰਘ, ਸ਼ਹੀਦ ਭਗਤ ਸਿੰਘ ਹੋਰਾਂ ਕੀਤੀ ਸੀ। ਉਸ ਦੀ ਬਣਤਰ ਤੋਂ ਅੱਜ ਵੀ ਅਸੀਂ ਬਹੁਤ ਦੂਰ ਹਾਂ। ਅਸੀਂ ਇਥੋਂ ਇਹ ਸਿੱਖਿਆ ਲੈ ਕੇ ਜਾਈਏ ਤੇ ਇਹ ਅਰਦਾਸ ਕਰੀਏ ਕਿ ਆਪ ਚੰਗੇ ਸਿੱਖ ਬਣੀਏ। ਜੋ ਸਾਡਾ ਹੋ ਸਕਦਾ ਹੈ, ਅਸੀਂ ਆਪਣਾ ਹਿੱਸਾ ਜ਼ਰੂਰ ਪਾਈਏ ਕਿ ਇਹ ਦੇਸ਼ ਉਹਨਾਂ ਦੇ ਸੁਪਨਿਆਂ ਦਾ ਦੇਸ਼ ਬਣ ਸੱਕੇ। ਇਥੇ ਆਈ ਹੋਈ ਸਾਰੀ ਸਾਧ ਸੰਗਤ, ਮੌਸਮ ਬੜਾ ਖਰਾਬ ਸੀ ਫਿਰ ਤੁਸੀਂ ਸਾਰੇ ਬਾਹਰੋਂ ਦੂਰੋਂ ਦੂਰੋਂ ਆਏ ਹੋ। ਸਾਡੇ ਬਾਹਰੋਂ ਆਏ ਹੋਏ ਪ੍ਰਹੁਣੇ ਦਾਖਾ ਜੀ, ਮੁਹੰਮਦ ਸਦੀਕ ਜੀ ਆਏ ਨੇ, ਸਿੱਧੂ ਜੀ ਆਏ ਸੀ। ਸਾਰਿਆਂ ਦਾ ਮੈਂ ਬਹੁਤ ਧੰਨਵਾਦੀ ਹਾਂ। ਔਰ ਅਖੀਰ ਦੇ ਵਿਚ ਮੈਂ ਇਹ ਹੀ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਜਿਹੜੇ ਸ਼ਹੀਦੀ ਮੇਲੇ ਹੋ ਰਹੇ ਹਨ। ਇਹ ਜਿਹੜੀਆਂ ਯਾਦਗਾਰਾਂ ਬਣੀਆ ਨੇ। ਇਹ ਸੱਚੇ ਪਾਤਸ਼ਾਹ ਜਿਨ੍ਹਾਂ ਨੇ ਕ੍ਰਿਪਾ ਕੀਤੀ ਹੈ। ਜਿਹਨਾਂ ਨੇ ਸਾਨੂੰ ਸਿੱਖੀ ਦੇ ਨਾਲ ਜੋੜ ਕੇ ਰੱਖਿਆ ਹੈ। ਗੁਰੂ ਗੋਬਿੰਦ ਸਿੰਘ ਜੀ ਦੀ, ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਸਾਨੂੰ ਭੁੱਲਣ ਨਹੀਂ ਦਿੱਤੀ। ਉਹਨਾਂ ਦੇ ਚਰਨਾਂ ਵਿਚ ਨਮਸਕਾਰ ਕਰਦੇ ਹੋਏ ਬੜੇ ਪਿਆਰ ਨਾਲ ਇਕ ਵਾਰੀ ਆਖੀਏ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ। ਉਹਨਾਂ ਦੇ ਚਰਨਾਂ ਵਿੱਚ ਇਹ ਅਰਦਾਸ ਹੈ ਇਹ ਬਖਸ਼ਿਸ਼ ਕਰਨ ਸਾਨੂੰ ਸਿੱਖੀ ਤੇ ਚੱਲ ਸਕਣ ਦਾ, ਸੱਚ ਤੇ ਚੱਲ ਸਕਣ ਦਾ, ਚੰਗੇ ਸਿੱਖ ਤੇ ਚੰਗੇ ਇਨਸਾਨ ਬਣ ਸੱਕਣ ਦਾ ਮਾਣ ਬਖਸ਼ਣ ਏਨੀ ਅਰਜ਼ ਕਰਕੇ ਆਗਿਆ ਲੈਂਦਾ ਹਾਂ।

**ਸਤਿ ਸ੍ਰੀ ਅਕਾਲ**

# ਇਲਾਹਾਬਾਦ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ

– ਦਵਿੰਦਰ ਸਿੰਘ ਗਿੱਲ ਜੀਆ ਨੱਥਾ

ਇਲਾਹਾਬਾਦ, ਹਿੰਦੋਸਤਾਨ ਦਾ ਪ੍ਰਸਿਧ ਸ਼ਹਿਰ ਅਤੇ ਹਿੰਦੂਆਂ ਦਾ ਇਕ ਪ੍ਰਸਿਧ ਤੀਰਥ ਹੈ ਜਿਸ ਨਾਲ ਹਿੰਦੂ ਧਰਮ ਨੂੰ ਮੰਨਣ ਵਾਲਿਆਂ ਦੀਆਂ ਅਨੇਕ ਮਾਨਤਾਵਾਂ ਜੁੜੀਆਂ ਹੋਈਆਂ ਹਨ। ਇਹੋ ਕਾਰਨ ਹੈ ਕਿ ਸਮੇਂ ਸਮੇਂ ਅਨੇਕ ਮਹਾਂਪੁਰਸ਼ਾਂ ਦੀ ਆਮਦ ਉਥੇ ਹੋਈ ਅਤੇ ਗੰਗਾ ਜਮਨਾ ਦੋਵਾਂ ਦਰਿਆਵਾਂ ਦੇ ਸੰਗਮ ਵਿਚੋਂ ਨਿਕਲੀ ਸੁਰਸਤੀ ਦੀ ਧਾਰਾ ਨੂੰ ਪ੍ਰਵਿਤਰ ਮੰਨ ਕੇ ਉਥੇ ਆ ਕੇ ਧਰਮ ਪ੍ਰਚਾਰ ਕਰਦੇ ਰਹੇ। ਪੂਰਬ ਦੀ ਉਦਾਸੀ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਭਾਈ ਬਾਲਾ ਤੇ ਭਾਈ ਮਰਦਾਨਾ ਜੀ ਨਾਲ ਉਸ ਸੰਗਮ ਤੇ ਆਏ ਸਨ ਅਤੇ ਕੁਝ ਦਿਨ ਜਗਤ ਲੋਕਾਈ ਨੂੰ ਸੱਚੇ ਧਰਮ ਅਰਥਾਤ ਇਕ ਅਕਾਲ ਪੁਰਖ ਦੀ ਅਰਾਧਨਾ ਦਾ ਉਪਦੇਸ਼ ਕਰਦੇ ਰਹੇ।

ਸ੍ਰੀ ਗੁਰੂ ਨਾਨਕ ਦੇਵ ਜੀ ਨਿਜ਼ਾਮਾਬਾਦ (ਜ਼ਿਲਾ ਆਜਮਗੜ੍ਹ) ਵਲੋਂ ਇਸ ਜਗ੍ਹਾ ਆਏ ਸਨ। ਨਿਜ਼ਾਮਾਬਾਦ, ਸੰਗਮ ਤੋਂ ਲਗਭਗ 90 ਮੀਲ ਦੂਰ ਹੈ। ਸਤਿਗੁਰੂ ਜੀ ਨਵੀਨ ਫੂਲਪੁਰ ਤਹਿਸੀਲ (ਜ਼ਿਲਾ ਇਲਾਹਾਬਾਦ) ਤੋਂ ਹੁੰਦੇ ਹੋਏ ਸੰਗਮ ਤੇ ਆਏ ਸਨ। ਉਸ ਅਸਥਾਨ ਤੇ ਗੁਰੂ ਜੀ ਪਹਿਲਾਂ ਝੂਸੀ ਨਗਰ ਆਏ ਸਨ, ਫਿਰ ਸੰਗਮ ਤੇ ਵੀ ਆਏ। ਉਸ ਅਸਥਾਨ ਤੇ ਤਿੰਨ ਨਦੀਆਂ ਗੰਗਾ, ਜਮਨਾ ਤੇ ਸੁਰਸਤੀ ਦਾ ਵਹਿਣ ਹੋਣ ਕਾਰਨ ਤ੍ਰਿਬੇਣੀ ਵੀ ਆਖਿਆ ਜਾਂਦਾ ਹੈ। ਸੰਗਮ ਤੇ ਖੱਬੇ ਪਾਸੇ ਅਕਬਰ ਬਾਦਸ਼ਾਹ ਦੇ ਸਮੇਂ ਵਿਸ਼ਾਲ ਕਿਲ੍ਹਾ ਤਾਮੀਰ ਕਰਵਾਇਆ ਗਿਆ ਸੀ। ਉਸ ਦੇ ਸਾਹਮਣੇ ਪੁਰਾਣੇ ਝੂਸੀ ਨਗਰ ਵਿਚ ਜਮਨਾ ਦੇ ਕੰਢੇ ਸਤਿਗੁਰੂ ਨਾਨਕ ਜੀ ਨੇ ਚਰਨ ਪਾਏ ਸਨ। ਉਸਨੂੰ ਪ੍ਰਾਗਰਾਜ ਵੀ ਆਖਿਆ ਜਾਂਦਾ ਹੈ।

ਉਹਨਾਂ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਪੂਰਬ ਦਿਸ਼ਾ ਜਾਣ ਸਮੇਂ ਤ੍ਰਿਬੇਣੀ, ਪ੍ਰਾਗਰਾਜ ਠਹਿਰੇ ਸਨ ਅਤੇ ਧਰਮ ਪ੍ਰਚਾਰ ਕੀਤਾ ਸੀ। ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਪਵਿਤਰ ਆਤਮਾ, ਮਾਤਾ ਗੁਜਰੀ ਜੀ ਦੇ ਗਰਭ ਵਿਚ ਪ੍ਰਵੇਸ਼ ਕੀਤੀ ਸੀ ਤੇ ਫਿਰ ਪਟਨਾ ਸ਼ਹਿਰ ਵਿਚ ਉਹਨਾਂ ਅਵਤਾਰ ਧਾਰਿਆ ਸੀ। ਉਹ ਆਪਣੀ ਸਵੈ ਜੀਵਨੀ "ਬਚਿੱਤਰ ਨਾਟਕ" ਵਿਚ ਇਸ ਪ੍ਰਕਾਰ ਲਿਖਦੇ ਹਨ:

ਮੁਰ ਪਿਤ ਪੂਰਬ ਕੀਯਸਿ ਪਿਯਾਨਾ॥
ਭਾਂਤਿ ਭਾਂਤਿ ਕੇ ਤੀਰਥਿ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥
ਪੁੰਨ ਦਾਨ ਦਿਨ ਕਰਤ ਬਿਤਏ॥
ਤਹੀ ਪ੍ਰਕਾਸ ਹਮਾਰਾ ਭਯੋ॥
ਪਟਨਾ ਸਹਰ ਬਿਖੈ ਭਵ ਲਯੋ॥

ਇਲਾਹਾਬਾਦ ਦੇ ਪੰਡਤਾਂ ਅਨੁਸਾਰ ਗੁਰੂ ਤੇਗ ਬਹਾਦਰ ਜੀ ਤ੍ਰਿਬੇਣੀ ਵਿਖੇ ਢਾਈ ਤਿੰਨ ਮਹੀਨੇ ਠਹਿਰੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਉਥੇ ਚਰਨ ਪਾਏ ਸਨ ਜਦੋਂ ਉਹ ਪਟਨਾ ਸਾਹਿਬ ਤੋਂ ਵਾਪਸ ਪੰਜਾਬ ਵਲ ਪਧਾਰੇ ਸਨ। ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਸੂਬਿਆਂ ਸਹਿਤ ਅੰਗਰੇਜ਼ ਸਰਕਾਰ ਦੁਆਰਾ ਲਿਆਂਦੇ ਗਏ ਸਨ ਅਤੇ ਉਹ ਇਤਿਹਾਸਕ ਕਿਲ੍ਹੇ ਵਿਚ ਠਹਿਰੇ ਸਨ।

ਸਤਿਗੁਰੂ ਰਾਮ ਸਿੰਘ ਜੀ ਦੁਆਰਾ 1857 ਈਸਵੀ ਵਿਚ ਸੰਤ ਖਾਲਸਾ ਦੀ ਸਿਰਜਣਾ ਰੂਪੀ ਚਿੰਗਾੜੀ, 1872 ਈਸਵੀਂ ਤਕ ਇਕ ਭਾਂਬੜ ਬਣ ਚੁੱਕੀ ਸੀ। ਹੁਣ ਨਾਮਧਾਰੀ ਜਗਤ ਤੋਂ ਅੰਗਰੇਜ਼ ਸਰਕਾਰ ਕੰਬ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਰਾਹਨੁਮਾਈ ਹੇਠ ਲੋਕਾਈ ਅੰਗਰੇਜ਼ ਸਰਕਾਰ ਖਿਲਾਫ਼ ਲਾਮ ਬੰਦ ਹੋ ਚੁੱਕੀ ਸੀ ਅਤੇ ਅੰਗਰੇਜ਼ ਦੀ ਗੁਲਾਮ ਨਹੀਂ ਸੀ ਰਹਿਣਾ ਚਾਹੁੰਦੀ। ਗਊ ਗਰੀਬ ਦੀ ਰਾਖੀ ਖਾਤਰ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਾਪਰੇ, ਸਿੰਘਾਂ ਨੇ ਸ਼ਹੀਦੀਆਂ ਪਾਈਆਂ ਅਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਖਿੜੇ ਮੱਥੇ ਪ੍ਰਵਾਨ ਕੀਤੀਆਂ। ਇਕੱਲੇ ਮਲੇਰਕੋਟਲੇ ਦੇ ਸਾਕੇ ਵਿਚ 66 ਨਾਮਧਾਰੀ ਸਿੰਘ ਤੋਪਾਂ ਅਗੇ ਖੜੇ ਹੋਕੇ ਸ਼ਹੀਦੀਆਂ ਪਾ ਗਏ।

18 ਜਨਵਾਰੀ 1872 ਈਸਵੀਂ ਨੂੰ ਅੰਮ੍ਰਿਤ ਵੇਲੇ ਸਤਿਗੁਰੂ ਜੀ ਨੂੰ ਲੁਧਿਆਣੇ ਤੋਂ ਸਪੈਸ਼ਲ ਗੱਡੀ ਰਾਹੀਂ ਭਾਈ ਨਾਨੂੰ ਸਿੰਘ ਨਿਜੀ ਸੇਵਕ, ਸੂਬਾ ਸਾਹਿਬ ਸਿੰਘ, ਸੂਬਾ ਲੱਖਾ ਸਿੰਘ ਅਤੇ ਸੂਬਾ ਜਵਾਹਰ ਸਿੰਘ ਸਮੇਤ ਗੋਰਖਾ ਗਾਰਦ ਅਤੇ ਮਿਸਟਰ ਜੈਕਸਨ ਦੀ ਨਿਗਰਾਨੀ ਹੇਠ ਇਲਾਹਾਬਾਦ ਭੇਜ ਦਿਤਾ ਗਿਆ। ਇਸ ਤਰ੍ਹਾਂ ਦੂਜੀ ਟਰੇਨ ਵਿਚ ਸੂਬਾ ਬ੍ਰਹਮਾ ਸਿੰਘ, ਸੂਬਾ ਕਾਹਨ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ, ਰੂੜ ਸਿੰਘ, ਮਾਨ ਸਿੰਘ ਅਤੇ ਮਲੂਕ ਸਿੰਘ ਨੂੰ ਵੀ ਇਲਾਹਾਬਾਦ ਪਹੁੰਚਾ ਦਿਤਾ ਗਿਆ। ਸਰਦਾਰ ਮੰਗਲ ਸਿੰਘ ਨੂੰ ਪਟਿਆਲਾ ਪੁਲਸ ਨੇ ਪਕੜ ਕੇ ਅੰਗਰੇਜ਼ੀ ਸਰਕਾਰ ਦੇ ਹਵਾਲੇ ਕਰ ਦਿਤਾ ਸੀ। ਜੋ ਉਸਨੂੰ ਵੀ ਇਲਾਹਾਬਾਦ ਪਹੁੰਚਾ ਦਿਤਾ ਗਿਆ।

ਸਤਿਗੁਰੂ ਜੀ ਅੰਮ੍ਰਿਤ ਵੇਲੇ ਉਠਦੇ ਅਤੇ ਗੰਗਾ ਜਮਨਾ ਦੇ ਸੰਗਮ ਤੇ ਸੋਧ ਦਾ ਇਸ਼ਨਾਨ ਕਰਕੇ ਨਾਮ ਸਿਮਰਨ ਵਿਚ ਲੀਨ ਹੋ ਜਾਇਆ ਕਰਦੇ ਸਨ। ਅੰਗਰੇਜ਼ ਹਾਕਮਾਂ ਨੇ ਉਸ ਇਤਿਹਾਸਕ ਕਿਲ੍ਹੇ ਵਿਚ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਰਖਿਆ ਸੀ ਜੋ ਤ੍ਰਿਬੇਣੀ ਦੇ ਸੰਗਮ ਦੇ ਕਿਨਾਰੇ ਤੇ ਸਥਿਤ ਸੀ। ਨਦੀ ਵਿਚੋਂ ਸੋਧ ਦਾ ਜਲ ਅਤੇ ਇਸ਼ਨਾਨ ਕਰਨ ਲਈ ਸਰਕਾਰ ਨੇ ਕੰਧ ਪਾੜ ਕੇ ਦਰਵਾਜਾ ਸਤਿਗੁਰੂ ਜੀ ਲਈ ਬਣਾ ਦਿਤਾ ਸੀ।

ਪ੍ਰਾਗਰਾਜ ਦਾ ਫਰੰਗੀ ਹਾਕਮ ਹੰਸਾਂ ਕੀ ਮਾਫਕ ਸਿੰਘਾਂ ਦੇ ਚਿੱਟੇ ਬਸਤਰ ਅਤੇ ਹੱਥਾਂ ਵਿਚ ਉਨ ਦੀ ਮਾਲਾ ਨਾਮ ਸਿਮਰਨ ਕਰਦੇ ਸਿੰਘਾਂ ਨੂੰ ਦੇਖਕੇ ਚਕ੍ਰਿਤ ਹੋ ਰਿਹਾ ਸੀ ਕਿ ਇਹ ਸਿੰਘ ਤਾਂ ਸੰਤ ਹਨ, ਦੰਗਾ ਨਹੀਂ ਕਰ ਸਕਦੇ। ਹਾਕਮ ਨੇ ਪੰਜਾਬ ਤੋਂ ਕਰਨਲ ਬੇਲੀ ਨੂੰ ਇਲਾਹਾਬਾਦ ਬੁਲਾ ਕੇ ਸਾਰੇ ਕਾਂਡ ਬਾਰੇ ਪੁੱਛ ਗਿਛ ਕੀਤੀ ਸੀ। ਫਿਰ ਪੰਜਾਬ ਦੇ ਲੋਕਾਂ ਤੋਂ ਰਾਇ ਲਈ ਗਈ, ਦੋ ਕਾਗਜ਼ ਤਿਆਰ ਕੀਤੇ ਗਏ। ਇਕ ਕਾਗਜ਼ ਪੰਜਾਬ ਦੇ ਰਿਆਸਤੀ ਮਹਾਰਾਜਿਆਂ ਦਾ ਸੀ ਜਿਹਨਾਂ ਨੇ ਲਿਖਕੇ ਦਿਤਾ ਸੀ ਕਿ ਸਤਿਗੁਰੂ ਰਾਮ ਸਿੰਘ ਨੂੰ ਜਿੰਨੀ ਛੇਤੀ ਬਾਹਰ ਲਿਜਾ ਸਕਦੇ ਹੋ ਲੈ ਜਾਓ, ਨਹੀਂ ਤਾਂ ਇਹ ਲੋਕ, ਸਾਰੀ ਪਰਜਾ ਨੂੰ ਤੁਹਾਡੇ ਖਿਲਾਫ ਕਰ ਦੇਣਗੇ। ਦੂਜਾ ਕਾਗਜ਼ ਮੁਕਤਸਰ, ਅਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਦੇ ਪੁਜਾਰੀਆਂ ਵਲੋਂ ਸੀ, ਉਹਨਾਂ ਨੇ ਵੀ ਇਹੋ ਕੁਝ ਸਤਿਗੁਰੂ ਜੀ ਦੇ ਖਿਲਾਫ ਲਿਖਿਆ ਸੀ। ਸਿਰਫ਼ ਤਿੰਨ ਮਹਾਂ ਪੁਰਸ਼: 1. ਸੰਤ ਨਰੈਣ ਸਿੰਘ ਜੀ ਸੇਖਵਾਂ ਜਿਲਾ ਫਿਰੋਜ਼ਪੁਰ 2. ਮਹੰਤ ਅਖਾੜਾ ਬ੍ਰਹਮ ਬੂਟਾ ਅੰਮ੍ਰਿਤਸਰ ਅਤੇ 3. ਮਹੰਤ ਧਿਆਨ ਪੁਰੀਏ ਵੈਰਾਗੀ ਜਿਲਾ ਗੁਰਦਾਸਪੁਰ ਨੇ ਉਹਨਾਂ ਤੇ ਦਸਤਖਤ ਨਾਂ ਕੀਤੇ ਅਤੇ ਕਿਹਾ ਸੀ ਸਤਿਗੁਰੂ ਰਾਮ ਸਿੰਘ ਜੀ ਮਹਾਂ ਪੁਰਖ ਹਨ ਕਿਸੇ ਦਾ ਕੋਈ ਨੁਕਸਾਨ ਨਹੀਂ ਕਰਦੇ।

ਸਤਿਗੁਰੂ ਜੀ ਅਤੇ ਸੂਬੇ ਅੱਠੇ ਪਹਿਰ ਨਾਮ ਦੇ ਰੰਗ ਵਿਚ ਮਸਤ ਰਹਿੰਦੇ ਸਨ ਅਤੇ ਅਧਿਆਤਮਕ ਵਿਚਾਰਾਂ ਹੁੰਦੀਆਂ ਰਹਿੰਦੀਆਂ ਸਨ। ਇਕ ਦਿਨ ਸਿਦਕ ਬਾਰੇ ਸਤਿਗੁਰੂ ਜੀ ਨੇ ਅਨਮੋਲ ਪ੍ਰਵਚਨ ਕੀਤੇ ਜਿਹਨਾਂ ਬਾਰੇ "ਸਤਿਗੁਰੂ ਬਿਲਾਸ" ਗਰੰਥ ਵਿਚ ਲਿਖਿਆ ਹੈ:

"ਇਕ ਦਿਨ ਸ੍ਰੀ ਸਤਿਗੁਰੂ ਜੀ ਕਿਲੇ ਵਿਚ ਬੈਠਿਆਂ ਬਚਨ ਕੀਤਾ ਕਿ ਬਾਣੀ ਬੜੀ ਚੀਜ ਹੈ। ਫੇਰ ਕਿਹਾ ਕਿ ਬਾਣੀ ਤਾਂ ਨਾੜ ਹੈ ਸਿਟਾ ਨਾਮ ਹੈ। ਥੋੜੇ ਚਿਰ ਪਿਛੋਂ ਬਚਨ ਕੀਤਾ ਕਿ ਨਾਮ ਵੀ ਤੋਹ ਹੀ ਹੈ। ਤਾਂ ਬਾਬਾ ਜਵਾਹਰ ਸਿੰਘ ਜੀ ਪਿੱਟਰ ਲਗ ਪਏ ਤੇ ਕਹਿਣ ਲਗੇ ਕਿ ਦਸੋ ਦਾਣਾ ਕੇਹੜੀ ਚੀਜ ਹੈ? ਸ੍ਰੀ ਸਤਿਗੁਰੂ ਜੀ ਬਚਨ ਕੀਤਾ ਬਾਬਾ ਜੀ ਦਾਣਾ ਸਿਦਕ ਹੈ। ਜੋ ਬਾਣੀ ਪੜਕੇ ਨਾਮ ਜਪਕੇ ਸਤਿਗੁਰੂ ਤੇ ਸਿਦਕ ਨਾ ਹੋਇਆ ਤਾਂ ਕਿਸੇ ਕੰਮ ਨਹੀਂ।"

ਉਪਰੋਕਤ ਕਾਗਜ਼ ਜਿਹਨਾਂ ਤੇ ਪੰਜਾਬ ਦੀ ਪਰਜਾ, ਰਾਜਿਆਂ ਮਹਾਰਾਜਿਆਂ ਅਤੇ ਧਰਮ ਦੇ ਠੇਕੇਦਾਰ ਮਹੰਤਾਂ ਪੁਜਾਰੀਆਂ ਨੇ ਰਾਇ ਦਿਤੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ ਸਰਕਾਰ ਦੇ ਦੁਸ਼ਮਣ ਹਨ। ਇਹ ਰਾਇ ਕਲਕਤੇ ਵਾਇਸਰਾਇ ਲਾਰਡ ਮੇਉ ਕੋਲ ਪਹੁੰਚ ਗਈ। ਉਸਨੇ ਹੁਕਮ ਕੀਤਾ ਸੀ ਕਿ ਸਤਿਗੁਰੂ ਜੀ ਅਤੇ ਸੂਬਿਆਂ ਨੂੰ ਫਾਂਸੀ ਦੀ ਸਜਾ ਦਿਤੀ ਜਾਵੇ। ਫਰੰਗੀ ਹਾਕਮ ਕਿਲ੍ਹੇ ਵਿਚ ਆ ਕੇ ਨਾਨੂੰ ਸਿੰਘ ਨੂੰ ਖਬਰ ਦਸ ਗਿਆ। ਨਾਨੂੰ ਸਿੰਘ ਤੋਂ ਜਵਾਹਰ ਸਿੰਘ ਨੂੰ ਪਤਾ ਲਗਾ। ਸਤਿਗੁਰੂ ਜੀ ਬਚਨ ਕੀਤਾ, ਅਛਾ ਅਕਾਲ ਪੁਰਖ ਤੇਰੀ ਰਜਾਇ ਅਤੇ ਨਾਲ ਹੀ ਸਾਰੇ ਹਾਜਰ ਸੂਬਿਆਂ ਨੂੰ ਪੱਚੀ ਪੱਚੀ ਪਾਠ ਜਪੁ ਸਾਹਿਬ ਦੇ ਕਰਨ ਨੂੰ ਕਿਹਾ।

ਏਧਰ ਅਜੇ ਪਾਠ ਕਿਲ੍ਹੇ ਵਿਚ ਚਲ ਰਹੇ ਸਨ, ਉਧਰ ਹਿੰਦ ਦਾ ਵਾਇਸਰਾਇ ਲਾਰਡ ਮਿਓ ਅੰਡੇਮਾਨ ਟਾਪੂ ਵਿਚ ਗਿਆ ਹੋਇਆ ਸੀ, ਉਥੇ ਇਕ ਪਠਾਣ ਗੁਲ ਸ਼ੇਰ ਖਾਂ ਕੈਦ ਹੋਇਆ ਸੀ ਜਿਸਦੀ ਅਪੀਲ ਖਾਰਿਜ ਹੋ ਗਈ ਸੀ। ਉਸਨੇ ਲਾਰਡ ਮਿਓ ਦੇ ਪੇਟ ਵਿੱਚ ਛੁਰਾ ਖਭੋ ਦਿਤਾ। ਸਤਿਗੁਰੂ ਜੀ ਤੇ ਸੂਬਿਆਂ ਨੂੰ ਫਾਂਸੀ ਦੀ ਸਜਾ ਦੇਣ ਦੀ ਇਛਾ ਰਖਣ ਵਾਲਾ ਆਪ ਹੀ ਖਤਮ ਹੋ ਗਿਆ। ਸਤਿਗੁਰੂ ਰਾਮ ਸਿੰਘ ਜੀ ਇਲਾਹਾਬਾਦ ਕਿਲ੍ਹੇ ਵਿਚ 9 ਮਾਰਚ ਤਕ ਰਹੇ।

ਨਾਨੂੰ ਸਿੰਘ ਨਾਲ 10 ਮਾਰਚ 1872 ਈਸਵੀ ਨੂੰ ਅੱਧੀ ਰਾਤ ਚੁਪ ਚੁਪੀਤੇ ਰੇਲ ਗੱਡੀ ਰਾਹੀਂ ਕਲਕੱਤੇ ਵਲ ਤੋਰ ਦਿੱਤਾ ਜਿੱਥੇ ਉਹ 11 ਮਾਰਚ ਨੂੰ ਪਹੁੰਚੇ। ਫਿਰ ਅੱਗੋਂ ਰੰਗੂਨ ਵੱਲ ਸਮੁੰਦਰੀ ਜਹਾਜ ਵਿਚ ਭੇਜ ਦਿਤਾ, ਜਿਥੇ ਉਹ 16 ਮਾਰਚ ਨੂੰ ਪਹੁੰਚੇ ਸਨ। ਸਤਿਗੁਰੂ ਰਾਮ ਸਿੰਘ ਜੀ ਤੋਂ ਬਾਅਦ ਉਸ ਇਤਿਹਾਸਕ ਕਿਲ੍ਹੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ 1950 ਈਸਵੀਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਇਤਿਹਾਸਕ ਸਥਾਨ ਨੂੰ ਵੇਖਣ ਗਏ ਸਨ। ਸਤਿਗੁਰੂ ਰਾਮ ਸਿੰਘ ਜੀ ਤੇ ਸੂਬਿਆਂ ਨੂੰ ਨੰਬਰ 6 ਕਮਰੇ ਵਿਚ ਰਖਿਆ ਗਿਆ ਸੀ।

ਸੰਤ ਹਰਨਾਮ ਸਿੰਘ ਜੀ ਬਗਲੀ ਵਾਲੇ ਆਪਣੇ ਗਰੰਥ, ਸੰਤ ਖਾਲਸਾ ਵਿਚ ਇਲਾਹਾਬਾਦ ਵਿਖੇ ਸਤਿਗੁਰੂ ਜੀ ਦੀ ਸੂਬਿਆਂ ਸਮੇਤ ਹਾਜ਼ਰੀ ਬਾਰੇ ਇਸ ਪ੍ਰਕਾਰ ਲਿਖਦੇ ਹਨ:-

ਯੂ.ਪੀ. ਦੇ ਗਵਰਨਰ ਪਾਸੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੁਛਣਾ

ਜਿਸ ਵਾਸਤੇ ਲਿਆਏ ਪ੍ਰਯਾਗ ਸਾਨੂੰ,
ਤੁਸੀਂ ਅਸਾਂ ਦਾ ਓਹ ਕਸੂਰ ਦਸੋ।
ਜਲਾਵਤਨ ਕਰਕੇ ਸਣੇ ਸੂਬਿਆਂ ਦੇ,
ਸਾਨੂੰ ਕੀਤਾ ਕਿਉਂ ਦੇਸ਼ ਤੋਂ ਦੂਰ ਦਸੋ।
ਬਿਨਾਂ ਦੋਸ਼ ਤੋਂ ਹੀ ਸਾਨੂੰ ਪਕੜਿਆਂ ਕਿਉਂ,
ਜਿਨ੍ਹਾਂ ਕਰੇ ਸੋ ਭਰੀ ਜਰੂਰ ਦਸੋ।
ਦੋਸ਼ ਅਸਾਂ ਦਾ ਤੁਸੀਂ ਹਰਨਾਮ ਸਿੰਘਾ,
ਕੁਛ ਸੋਚ ਕੇ ਨਾਲ ਸ਼ਊਰ ਦਸੋ।

ਅੰਗਰੇਜ਼ ਸਰਕਾਰ ਨੇ ਕਸੂਰ ਕੀ ਦੱਸਣਾ ਸੀ? ਸਤਿਗੁਰੂ ਰਾਮ ਸਿੰਘ ਜੀ ਤੇ ਨਾਮਧਾਰੀ ਪੰਥ ਨੇ ਕੋਈ ਕਸੂਰ ਨਹੀਂ ਸੀ ਕੀਤਾ। ਸਰਕਾਰ ਮੌਕਾ ਭਾਲਦੀ ਸੀ ਕਿ ਨਾਮਧਾਰੀ ਪੰਥ ਨੂੰ ਕੁਚਲਿਆ ਜਾਵੇ ਤਾਂ ਕਿ ਅੰਗਰੇਜ਼ ਦੀ ਕੂਟ ਨੀਤੀ ਦਾ ਕੋਈ ਵਿਰੋਧ ਕਰਨ ਵਾਲਾ ਨਾ ਹੋਵੇ। ਇਲਾਹਾਬਾਦ ਤੋਂ ਗੁਰੂ ਜੀ ਨੂੰ ਕਲੱਕਤੇ ਲਿਜਾਇਆ ਗਿਆ, ਫਿਰ ਉਥੋਂ ਸਮੁੰਦਰੀ ਜਹਾਜ ਵਿਚ ਰੰਗੂਨ ਪਹੁੰਚਾ ਦਿੱਤਾ ਅਤੇ ਸੂਬਿਆਂ ਨੂੰ ਵਖ-ਵਖ ਜੇਲ੍ਹਾਂ ਵਿਚ ਪਹੁੰਚਾ ਦਿਤਾ ਗਿਆ।

ਗਰੰਥ "ਸੰਤ ਖਾਲਸਾ" ਦਾ ਲੇਖਕ ਕਵੀ ਹਰਨਾਮ ਸਿੰਘ ਲਿਖਦਾ ਹੈ:-

ਆਏ ਖਤ ਮਰਸਲੇ ਰਾਜਿਆਂ ਦੇ,
ਮਹਾਰਾਜ ਨੂੰ ਕੁਲ ਸੁਣਾਇ ਦਿਤੇ।
ਦਸਖਤ ਕਰੇ ਹੋਏ ਵਡੇ ਵਡਿਆਂ ਦੇ,
ਮਹਾਰਾਜ ਨੂੰ ਅਸਲ ਦਖਾਇ ਦਿਤੇ।
ਉਸੀ ਰੋਜ਼ ਬਿਠਾਲ ਸਪੈਸ਼ਲਾਂ ਮੈ,
ਸਤਿਗੁਰ ਸਾਗਰੋਂ ਪਾਰ ਪੁਚਾਇ ਦਿਤੇ।
ਦਿਤੇ ਭੇਜ ਰੰਗੂਨ ਹਰਨਾਮ ਸਿੰਘਾ,
ਮੰਗਲ ਸਿੰਘ ਜੀ ਛੱਡ ਛੁਡਾਇ ਦਿਤੇ।

ਉਸ ਸਮੇਂ ਵਡੇ-ਵਡੇ ਰਿਆਸਤਾਂ ਦੇ ਹਾਕਮਾਂ ਅਤੇ ਮਹੰਤਾਂ ਨੇ ਵੀ ਸਰਕਾਰ ਦਾ ਪੱਖ ਪੂਰਿਆ ਅਤੇ ਸਤਿਗੁਰਾਂ ਦੇ ਖਿਲਾਫ਼ ਪਰਚੇ ਲਿਖਕੇ ਅੰਗਰੇਜ਼ ਸਰਕਾਰ ਨੂੰ ਦਿਤੇ ਪਰੰਤੂ ਐਸਾ ਕਰਕੇ ਉਹ ਨਾਮਧਾਰੀ ਲਹਿਰ ਨੂੰ ਕੁਚਲ ਨਾ ਸੱਕੇ। ਆਜ਼ਾਦੀ ਸ਼ਮ੍ਹਾਂ ਜਗਦੀ ਰਹੀ। ਦੇਸ਼ ਭਗਤ ਸ੍ਰੀ ਭੈਣੀ ਸਾਹਿਬ ਵਲ ਆਉਂਦੇ ਰਹੇ, ਨਾਮਧਾਰੀ ਪੰਥ ਦੀਆਂ ਕੁਰਬਾਨੀਆਂ ਰੰਗ ਲਿਆਈਆਂ। ਸਤਿਗੁਰੂ ਹਰੀ ਸਿੰਘ ਜੀ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਿਹਰ ਸਦਕਾ ਨਾਮਧਾਰੀ ਅਗੇ ਹੀ ਵਧਦੇ ਗਏ ਅਤੇ ਦੇਸ਼ ਆਜ਼ਾਦ ਕਰਾਉਣ ਲਈ ਹੋਰ ਦੇਸ਼ ਭਗਤਾਂ ਦਾ ਸਾਥ ਦੇਂਦੇ ਰਹੇ। ਅਖੀਰ 15 ਅਗਸਤ 1947 ਨੂੰ ਅੰਗਰੇਜ਼ ਸਰਕਾਰ ਦਾ ਬੋਰੀਆਂ ਬਿਸਤਰਾ ਗੋਲ ਕਰ ਹੀ ਦਿਤਾ ਅਤੇ ਹਿੰਦੋਸਤਾਨ ਨੂੰ ਆਜ਼ਾਦੀ ਮਿਲ ਗਈ।

-----------------------------------------

# ਅੰਗਰੇਜ਼ ਸਰਕਾਰ ਦੀ ਬੁੱਚੜਖਾਨਿਆਂ ਪ੍ਰਤੀ ਨੀਤੀ ਉੱਤੇ ਕੂਕਿਆਂ ਦੇ ਭੈ ਦਾ ਪ੍ਰਛਾਵਾਂ

**ਸ. ਗੁਰੇਦਵ ਸਿੰਘ ਸਿੱਧੂ ਮੋਹਾਲੀ**

1871 ਵਿਚ ਸਰਹੰਦ ਨਹਿਰ ਦੀ ਖੁਦਾਈ ਜ਼ੋਰਾਂ ਉੱਤੇ ਸੀ। ਪੰਜਾਬ ਅਤੇ ਗੁਆਂਢੀ ਇਲਾਕਿਆਂ ਵਿਚ ਮੀਂਹ ਨਾ ਪੈਣ ਕਾਰਨ ਕਾਲ ਵਰਗੀ ਸਥਿਤੀ ਬਣੀ ਹੋਈ ਸੀ। ਫਲਸਰੂਪ ਰੋਟੀ ਰੋਜ਼ੀ ਲਈ ਆਤੁਰ ਲੋਕਾਂ ਵਾਸਤੇ ਨਹਿਰ ਦੀ ਪੁਟਾਈ ਉੱਤੇ ਮਜ਼ਦੂਰੀ ਪੇਟ ਭਰਨ ਦਾ ਵਸੀਲਾ ਬਣ ਗਈ ਅਤੇ ਦੂਰ ਦੂਰ ਤੋਂ ਆਏ ਲੋਕਾਂ ਨੂੰ ਨਹਿਰ ਦੀ ਪੁਟਾਈ ਲਈ ਜਿੱਥੇ ਵੀ ਕੰਮ ਮਿਲਿਆ, ਉਹ ਬਿਨਾਂ ਹੀਲ ਹੁੱਜਤ ਦਿਹਾੜੀਆਂ ਕਰਨ ਲੱਗੇ। ਟਿਕਾਣਾ ਮਿਲ ਜਾਣ ਪਿੱਛੋਂ ਮੁਸਲਮਾਨ ਦਿਹਾੜੀਦਾਰ ਆਪਣੇ ਨਾਲ ਲਿਆਂਦੀਆਂ ਗਊਆਂ ਵੱਢ ਕੇ ਖਾਣ ਲੱਗੇ ਤਾਂ ਇਸ ਨਾਲ ਸਥਾਨਕ ਵਸੋਂ ਵਿਚ ਰੋਸ ਪੈਦਾ ਹੋ ਗਿਆ। ਅਜਿਹੇ ਮਾਹੌਲ ਵਿਚ ਮਾਛੀਵਾੜੇ ਦੇ ਡਿਪਟੀ ਇੰਸਪੈਕਟਰ, ਪੁਲਸ ਨੇ 27 ਸਤੰਬਰ 1871 ਦੇ ਪੱਤਰ ਦੁਆਰਾ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਸੂਚਿਤ ਕੀਤਾ ਕਿ ਸਰਹੰਦ ਨਹਿਰ ਦੀ ਪੁਟਾਈ ਲਈ ਬੀਕਾਨੇਰ ਅਤੇ ਹੋਰ ਦੂਰ ਦੁਰਾਡੇ ਤੋਂ ਆਏ ਮੁਸਲਮਾਨ ਮਜ਼ਦੂਰ, ਜੋ ਆਪਣਾ ਮਾਲ ਅਸਬਾਬ ਪਸ਼ੂਆਂ ਉੱਤੇ ਲੱਦ ਕੇ ਲਿਆਏ ਸਨ, ਹੁਣ ਇਨ੍ਹਾਂ ਜਾਨਵਰਾਂ ਨੂੰ ਖੁੱਲ੍ਹੇ ਵਿਚ ਹੀ ਜ਼ਿਬ੍ਹਾ ਕਰਨ ਲੱਗ ਪਏ ਹਨ ਜਿਸ ਨੂੰ ਦੇਖਦਿਆਂ ਸਥਾਨਕ ਹਿੰਦੂ ਵਸੋਂ ਦੇ ਮਨ ਵਿਚ ਰੋਸ ਹੈ। ਅੰਗਰੇਜ਼ ਅਧਿਕਾਰੀਆਂ ਦੀ ਪ੍ਰਾਥਮਿਕਤਾ ਬੁੱਚੜਖਾਨੇ ਬੰਦ ਕਰਵਾਉਣ ਦੀ ਨਹੀਂ ਸਗੋਂ ਗਊਆਂ ਮਾਰਨ ਦਾ ਕੰਮ ਓਹਲੇ ਵਿਚ ਕਰਵਾਉਣ ਦੀ ਸੀ ਅਤੇ ਲੁਧਿਆਣੇ ਜ਼ਿਲੇ ਦੇ ਡਿਪਟੀ ਕਮਿਸ਼ਨਰ ਮਿਸਟਰ ਐੱਲ. ਕਾਵਨ ਨੇ ਇਉਂ ਹੀ ਕੀਤਾ। ਡਿਪਟੀ ਕਮਿਸ਼ਨਰ ਨੇ ਤੁਰਤ ਜ਼ਿਲੇ ਦੇ ਪੁਲਸ ਸੁਪਰਡੈਂਟ ਨੂੰ ਤਾਕੀਦ ਕੀਤੀ ਕਿ ਇਸ ਖੇਤਰ ਵਿਚ ਨਹਿਰ ਦੀ ਪੁਟਾਈ ਦੇ ਇਨਚਾਰਜ ਕਾਰਜਕਾਰੀ ਇੰਜਨੀਅਰ, ਮਿਸਟਰ ਡੇਰੀ, ਨਾਲ ਸੰਪਰਕ ਕਰਕੇ ਉਸ ਨੂੰ ਢੁੱਕਵੇਂ ਥਾਵਾਂ, ਜੋ ਹਿੰਦੂਆਂ ਦੇ ਪਿੰਡਾਂ ਅਤੇ ਉਨ੍ਹਾਂ ਦੇ ਖੂਹਾਂ ਤੋਂ ਦੂਰ ਹੋਣ, ਉੱਤੇ ਸਰਕਾਰੀ ਖਰਚ ਉੱਤੇ ਛੱਪਰ ਬਣਾਉਣ ਲਈ ਕਹੇ ਜਿੱਥੇ ਹਿੰਦੂ ਵਸੋਂ ਦਿਆਂ ਜਜ਼ਬਾਤਾਂ ਨੂੰ ਠੇਸ ਪਹੁੰਚਾਏ ਬਿਨਾਂ ਪਸ਼ੂ ਵੱਢੇ ਜਾ ਸਕਣ। ਕਿਉਂ ਜੁ ਰਾਇਕੋਟ ਅਤੇ ਅੰਮ੍ਰਿਤਸਰ ਵਿਚ ਕੂਕਿਆਂ ਵੱਲੋਂ ਗਊ ਬਧ ਕਰਨ ਵਾਲੇ ਬੁੱਚੜਾਂ ਦਾ ਕਤਲ ਕੀਤਾ ਜਾ ਚੁੱਕਾ ਸੀ ਇਸ ਲਈ ਇਹਤਤਾਤ ਵਰਤਦਿਆਂ ਡਿਪਟੀ ਕਮਿਸ਼ਨਰ ਨੇ ਪੁਲਸ ਸੁਪਰਡੈਂਟ ਨੂੰ ਸਲਾਹ ਦਿੱਤੀ ਕਿ ਨਹਿਰ ਦੇ ਇਸ ਭਾਗ ਉੱਤੇ ਸਪੈਸ਼ਲ ਪੁਲਸ ਤੈਨਾਤ ਕੀਤੀ ਜਾਵੇ। ਉਸ ਨੇ ਆਪਣੀ ਵਿਉਂਤਬੰਦੀ ਦੀ ਪ੍ਰਵਾਨਗੀ ਲਈ ਪੱਤਰ ਪੰਜਾਬ ਸਰਕਾਰ ਨੂੰ ਵੀ ਲਿਖਿਆ।

ਡਿਪਟੀ ਕਮਿਸ਼ਨਰ ਲੁਧਿਆਣਾ ਦੇ ਪੱਤਰ ਉੱਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਦੀ ਪ੍ਰਤੀਕ੍ਰਿਆ ਨੇ ਸਰਕਾਰ ਦੀ ਨੀਤੀ ਬਾਰੇ ਕੋਈ ਸ਼ੱਕ ਨਾ ਰਹਿਣ ਦਿੱਤੀ। ਲੈਫਟੀਨੈਂਟ ਗਵਰਨਰ ਦਾ ਕਹਿਣਾ ਸੀ ਕਿ ਗਊਆਂ ਮਾਰਨ ਉੱਤੇ ਪਾਬੰਦੀ ਲਾਉਣ ਨੂੰ ਸਥਾਨਕ ਲੋਕਾਂ ਦੀ ਜਿੱਤ ਸਮਝਿਆ ਜਾਵੇਗਾ ਅਤੇ ਪਾਬੰਦੀ ਨਾ ਲਾਏ ਜਾਣਾ ਦੂਜੀ ਧਿਰ ਲਈ ਜਾਰਹਾਨਾ ਜੁਰਮ ਦਾ ਕਾਰਨ ਬਣੇਗਾ। ਇਸ ਲਈ ਉਸ ਨੇ ਇਸ ਮਾਮਲੇ ਵਿਚ ਕੋਈ ਹੁਕਮ ਜਾਰੀ ਕਰਨ ਤੋਂ ਇਨਕਾਰ ਕਰਦਿਆਂ 18 ਅਕਤੂਬਰ 1871 ਦੇ ਪੱਤਰ ਨੰ: 1462 ਦੁਆਰਾ ਡਿਪਟੀ ਕਮਿਸ਼ਨਰ ਨੂੰ ਇਹ ਮਾਮਲਾ ਬਿਨਾਂ ਰੌਲਾ ਰੱਪਾ ਪਾਇਆਂ, ਆਪਣੀ ਪੱਧਰ ਉੱਤੇ ਨਿਪਟਾਉਣ ਲਈ ਆਖਿਆ। ਇਸ ਨਾਲ ਡਿਪਟੀ ਕਮਿਸ਼ਨਰ ਨੂੰ ਆਪਣੇ ਢੰਗ ਨਾਲ ਕੰਮ ਕਰਨ ਵਿਚ ਕੋਈ ਅੜਿੱਕਾ ਨਾ ਰਿਹਾ ਅਤੇ ਉਸ ਨੇ ਉਸ ਤਰ੍ਹਾਂ ਹੀ ਕੀਤਾ ਜਿਵੇਂ ਉਸ ਨੇ ਸੁਪਰਡੈਂਟ ਪੁਲਸ ਨੂੰ ਹਦਾਇਤ ਕੀਤੀ ਸੀ।

ਪਰ ਰਿਆਸਤੀ ਇਲਾਕਿਆਂ ਵਿਚ ਸਥਿਤੀ ਭਿੰਨ ਸੀ। ਪਟਿਆਲਾ ਰਿਆਸਤ ਵਿਚ ਧੂੰਦੇ ਪਿੰਡ ਦੇ ਨੇੜ ਜਿੱਥੇ ਸਰਹੰਦ ਨਹਿਰ ਦੀ ਪੁਟਾਈ ਹੋ ਰਹੀ ਸੀ, ਉੱਥੇ ਪੱਛਮ ਵੱਲੋਂ ਆਏ ਮੁਸਲਮਾਨ ਪਚਾਧੇ ਮਜ਼ਦੂਰੀ ਕਰ ਰਹੇ ਸਨ। ਦਿਹਾੜੀਆਂ ਬਦਲੇ ਨਕਦ ਰਾਸ਼ੀ ਮਿਲਣ ਲੱਗੀ ਤਾਂ ਰੁੱਖੀ ਮਿੱਸੀ ਖਾਣ ਦੀ ਥਾਂ ਮਾਸ ਖਾਣ ਦੀ ਤਾਂਘ ਵੀ ਪਨਪੀ। ਉਨ੍ਹਾਂ ਓਟ ਖੜ੍ਹੀ ਕਰ ਕੇ ਓਹਲਾ ਬਣਾਇਆ ਅਤੇ ਗਊਆਂ ਜ਼ਿਬਾਹ ਕਰਨੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਆਸੇ ਪਾਸੇ ਕੰਮ ਕਰ ਰਹੇ ਹੋਰ ਮੁਸਲਮਾਨਾਂ ਨੂੰ ਵੀ ਗਊ ਮਾਸ ਵੇਚਣਾ ਸ਼ੁਰੂ ਕਰ ਦਿੱਤਾ। ਅਜਿਹਾ ਰਿਆਸਤ ਵਿਚ ਪਹਿਲਾਂ ਕਦੇ ਨਹੀਂ ਸੀ ਹੋਇਆ, ਇਸ ਲਈ ਪਿੰਡ ਵਾਸੀਆਂ ਦੇ ਮਨਾਂ ਵਿਚ ਰੋਸ ਅਤੇ ਰੋਹ ਉਪਜਣਾ ਕੁਦਰਤੀ ਸੀ। ਅੰਮ੍ਰਿਤਸਰ ਅਤੇ ਰਾਇਕੋਟ ਵਿਚ ਬੁੱਚੜਾਂ ਨੂੰ ਮਾਰੇ ਜਾਣ ਦੀਆਂ ਵਾਰਦਾਤਾਂ ਹੋ ਚੁੱਕੀਆਂ ਸਨ। ਇਸ ਲਈ ਜਦ ਨਵੇਂ ਖੋਲ੍ਹੇ

ਬੁੱਚੜਖਾਨੇ ਕਾਰਨ ਪਿੰਡ ਵਾਸੀਆਂ ਦੇ ਪ੍ਰਤੀਕਰਮ ਦੀ ਗੱਲ ਰਿਆਸਤੀ ਅਹਿਲਕਾਰਾਂ ਤੱਕ ਪੁੱਜੀ ਤਾਂ ਉਨ੍ਹਾਂ ਕਿਸੇ ਭਾਵੀ ਝਮੇਲੇ ਤੋਂ ਬਚਣ ਵਾਸਤੇ ਪਟਿਆਲਾ ਰਿਆਸਤ ਦੇ ਖੇਤਰ ਵਿਚ ਨਹਿਰ ਦੀ ਪੁਟਾਈ ਦੇ ਇਨਚਾਰਜ ਅੰਗਰੇਜ਼ ਅਫਸਰ ਨੂੰ ਗਊਆਂ ਮਾਰੇ ਜਾਣ ਲਈ ਖੋਲ੍ਹੇ ਬੁੱਚੜਖਾਨੇ ਨੂੰ ਬੰਦ ਕਰਵਾਉਣ ਲਈ ਆਖਿਆ। ਉਕਤ ਅਫਸਰ ਨੇ ਮਿਤੀ 30 ਅਕਤੂਬਰ 1871 ਨੂੰ ਨਿਗਰਾਨ ਇੰਜਨੀਅਰ ਅਤੇ ਕਾਰਜਕਾਰੀ ਇੰਜਨੀਅਰ ਵੱਲ ਪੱਤਰ ਲਿਖ ਕੇ ਇਹ ਸਥਿਤੀ ਉਨ੍ਹਾਂ ਦੇ ਧਿਆਨ ਵਿਚ ਲਿਆਂਦੀ। ਨਿਗਰਾਨ ਇੰਜਨੀਅਰ ਲੈਫਟੀਨੈਂਟ ਕਰਨਲ ਐੱਚ. ਡਬਲਿਊ. ਗੁਲੀਵਰ ਨੇ ਵੀ ਕਾਰਜਕਾਰੀ ਇੰਜਨੀਅਰ ਨੂੰ ਇਸ ਸਥਿਤੀ ਦੀ ਗੰਭੀਰਤਾ ਬਾਰੇ ਦੱਸਿਆ। ਉਸ ਦਾ ਮਤ ਸੀ ਕਿ ਕੂਕਿਆਂ ਦਾ ਸਦਰ ਮੁਕਾਮ ਨੇੜੇ ਹੋਣ ਕਾਰਨ ਵਧੇਰੇ ਚੌਕਸ ਰਹਿਣ ਦੀ ਲੋੜ ਹੈ। ਉਸ ਨੇ ਕਾਰਜਕਾਰੀ ਇੰਜਨੀਅਰ ਨੂੰ ਸਲਾਹ ਦਿੱਤੀ ਕਿ ਸਥਾਨਕ ਸਿੱਖ ਹਿੰਦੂ ਵਸੋਂ ਵੱਲੋਂ ਕੋਈ ਕਾਰਵਾਈ ਕੀਤੇ ਜਾਣ ਦੀ ਉਡੀਕ ਕੀਤੇ ਬਿਨਾਂ ਬੁੱਚੜਖਾਨਾ ਇਥੋਂ ਚੁੱਕ ਕੇ ਅੰਗਰੇਜ਼ੀ ਇਲਾਕੇ ਵਿਚ ਲਿਜਾਇਆ ਜਾਣਾ ਚਾਹੀਦਾ ਹੈ ਕਿਉਂ ਕਿ ਅੰਗਰੇਜ਼ੀ ਇਲਾਕੇ ਵਿਚ ਬੁੱਚੜਖਾਨਾ ਖੋਲ੍ਹੇ ਜਾਣ ਉੱਤੇ ਕੋਈ ਬੰਦਸ਼ ਨਹੀਂ। ਪਤਾ ਨਹੀਂ ਕੀ ਘਟਨਾ ਵਾਪਰੀ ਕਿ ਨਿਗਰਾਨ ਇੰਜਨੀਅਰ ਲੈਫਟੀਨੈਂਟ ਕਰਨਲ ਐੱਚ. ਡਬਲਿਊ. ਗੁਲੀਵਰ ਨੇ ਅਗਲੇ ਹੀ ਦਿਨ ਆਪਣਾ ਮਤ ਬਦਲ ਲਿਆ। ਉਸ ਨੇ ਮੁੱਖ ਇੰਜਨੀਅਰ ਨੂੰ ਲਿਖਿਆ ਕਿ ਨਹਿਰ ਦੀ ਪੁਟਾਈ ਉੱਤੇ ਮਜ਼ਦੂਰੀ ਕਰਨ ਵਾਸਤੇ ਬੀਕਾਨੇਰ, ਸਿਰਸਾ ਅਤੇ ਹੋਰ ਨੇੜਲੇ ਇਲਾਕਿਆਂ ਤੋਂ ਆਏ ਮੁਸਲਮਾਨ ਆਪਣੇ ਨਾਲ ਵੱਡੀ ਗਿਣਤੀ ਵਿਚ ਗਊਆਂ ਵੀ ਲੈ ਕੇ ਆਏ ਸਨ ਇਸ ਲਈ ਗਊ ਬੱਧ ਨੂੰ ਪੂਰੀ ਤਰ੍ਹਾਂ ਨਹੀਂ ਰੋਕਿਆ ਜਾ ਸਕਦਾ। ਉਸ ਨੇ ਪੰਜਾਬ ਸਰਕਾਰ ਨੂੰ ਢੁੱਕਵੇਂ ਹੁਕਮ ਜਾਰੀ ਕਰਨ ਲਈ ਬੇਨਤੀ ਕੀਤੀ। ਪੜਾਅ ਦਰ ਪੜਾਅ ਇਹ ਪੱਤਰ ਪੰਜਾਬ ਸਰਕਾਰ ਕੋਲ ਪਹੁੰਚਿਆ ਤਾਂ ਇਸ ਉੱਤੇ ਲੈਫਟੀਨੈਂਟ ਗਵਰਨਰ ਦਾ ਪ੍ਰਤੀਕਰਮ ਡਿਪਟੀ ਕਮਿਸ਼ਨਰ ਲੁਧਿਆਣੇ ਨੂੰ ਤਿੰਨ ਹਫਤੇ ਪਹਿਲਾਂ ਲਿਖੇ ਪੱਤਰ ਤੋਂ ਭਿੰਨ ਸੀ। ਉਸ ਨੇ ਪੱਤਰ ਨੰ:1554 ਮਿਤੀ 10 ਨਵੰਬਰ 1871 ਦੁਆਰਾ ਹਦਾਇਤ ਕੀਤੀ ਕਿ ਪਟਿਆਲਾ ਰਿਆਸਤ ਜਾਂ ਕਿਸੇ ਵੀ ਦੇਸੀ ਰਿਆਸਤ ਦੇ ਇਲਾਕੇ ਵਿਚ ਗਊ ਹੱਤਿਆ ਅਣਇੱਛਤ ਕਾਰਵਾਈ ਹੈ ਇਸ ਲਈ ਇਸ ਨੂੰ ਬੰਦ ਕਰਵਾਉਣ ਲਈ ਤੁਰਤ ਕਾਰਵਾਈ ਕੀਤੀ ਜਾਵੇ।

ਨਿਰਸੰਦੇਹ ਅਜਿਹਾ ਫੈਸਲਾ ਕਰਨ ਪਿੱਛੇ ਰਿਆਸਤੀ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਦੇ ਨਾਲ ਨਾਲ ਕੂਕਾ ਸਮੂਹ ਦੇ ਪ੍ਰਤਿਕਰਮ ਦਾ ਪਰਛਾਵਾਂ ਵੀ ਸੀ।

## ਮਲੇਰਕੋਟਲਾ ਦੇ 66
## ਕੂਕੇ ਸ਼ਹੀਦਾਂ ਨੂੰ ਚਿਤਵਦਿਆਂ

ਅਗਨ ਤੇ ਲਗਨ ਦੀਆਂ
ਛਿਆਹਠ ਮੋਮਬੱਤੀਆਂ ਬਲਦੀਆਂ
ਮਲੇਰਕੋਟਲੇ ਦੇ ਰੱਕੜ 'ਚ
ਨਿਰੰਤਰ ਜਗਦੀਆਂ ਮਘਦੀਆਂ।
ਫਰੰਗੀ ਹਕੂਮਤ ਨੂੰ ਵੰਗਾਰਦੀਆਂ।
ਜੈਕਾਰੇ ਗੁੰਜਾਰਦੀਆਂ।
ਜੋ ਬੋਲੇ ਸੋ ਨਿਹਾਲ ਬੁਲਾਉਂਦੀਆਂ
ਕੂਕ ਕੂਕ ਸਮਝਾਉਂਦੀਆਂ
ਤਾਜ ਦੀ ਦਾੜ੍ਹੀ ਨੂੰ ਹੱਥ ਪਾਉਂਦੀਆਂ
ਤੇ ਉੱਚੀ ਉੱਚੀ ਸੁਣਾਉਂਦੀਆਂ
ਝੱਖੜ ਚ ਬਲ਼ਦੀਆਂ ਮੋਮਬੱਤੀਆਂ।
ਬਿੱਲਿਆ! ਇਹ ਵਤਨ ਸਾਡਾ ਹੈ।
ਅਸੀਂ ਹਾਂ ਇਹਦੇ ਸਾਈਂ।
ਇਸ ਤੋਂ ਤੇਰੇ ਜਹੀਆਂ ਦੂਰ ਬਲਾਈਂ।
ਵੇਖਦਿਆਂ ਹੀ ਵੇਖਦਿਆਂ
ਤੋਪਾਂ ਚੱਲੀ, ਧਰਤ ਹੱਲੀ। ਸੰਭਲੀ ਤੇ ਬੋਲੀ,
ਬੱਸ! ਏਨਾ ਹੀ ਕੰਮ ਸੀ ਤੇਰਾ।
ਹੋਰ ਚਲਾ ਲੈ ਅਸਲਾ ਬਾਰੂਦ।
ਮੈਂ ਇਨ੍ਹਾਂ ਦੀ ਰੱਤ ਸੰਭਾਲਾਂਗੀ।
ਇਤਿਹਾਸ ਪੁੱਛੇਗਾ ਤਾਂ ਦੱਸਾਂਗੀ
ਕੂਕੇ ਕੂਕ ਕੂਕ ਬੋਲੇ
ਅਡੋਲ ਰਹੇ , ਕਦਮ ਨਾ ਡੋਲੇ।
ਪੌਣਾਂ ਚ ਘੁਲ ਗਏ ਜੈਕਾਰੇ।
ਦਸਮੇਸ਼ ਦੇ ਲਾਡਲੇ
ਨਾਮਧਾਰੀ ਗੁਰੂ ਰਾਮ ਸਿੰਘ ਦੇ ਮਾਰਗਪੰਥੀ।
ਗਊ ਗਰੀਬ ਰਖਵਾਲੇ। ਮਸਤ ਮਸਤ ਮਤਵਾਲੇ।
ਕਣ ਕਣ ਕਰੇ ਉਜਾਲੇ।
ਇੱਕੋ ਥਾਂ ਨਿਰੰਤਰ ਜਗਦੀਆਂ ਮਘਦੀਆਂ ਛਿਆਹਠ
ਮੋਮਬੱਤੀਆਂ।
ਗੁਰੂ ਰੰਗ ਰੱਤੀਆਂ।

**ਸ. ਗੁਰਭਜਨ ਗਿੱਲ**

# ਕੂਕੇ ਸਿੰਘਾਂ ਦੀ ਕਥਾ

**ਨਿਸ਼ਾਨ ਸਿੰਘ ਕਥਾਕਾਰ**

**ਕਬਿੱਤ॥ ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ, ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ।**
**ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇਂ, ਸਿਰ ਤੈ ਉਤਰ ਜਾਤ ਦਸਤਾਰ ਤਾਨ ਹੈਂ।**
**ਸਹੀ ਨਾਮ ਨਾਮ-ਧਾਰੀ ਆਹਿ ਤਿਨ ਕਾ ਉਦਾਰੀ, ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ।**
**ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ, ਚਾਹੀਯਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈ ॥205॥**

ਕਬਿੱਤ॥ ਖਾਲਸੇ ਪੰਥ ਵਿੱਚ ਇੱਕ ਕੂਕੇ ਸਿੰਘਾਂ ਦੀ ਸੰਪ੍ਰਦਾ ਹੈ, ਜੋ ਪਿਛਲੇ 30 ਕੁ ਸਾਲ ਤੋਂ ਬਹੁਤ ਮਸ਼ਹੂਰ ਹਨ। ਨਾਮ ਦੀ ਮਸਤੀ ਵਿੱਚ ਸਰੀਰ ਦੀ ਸੁੱਧ ਬੁੱਧ ਭੁਲ ਜਾਂਦੇ ਹਨ ਅਤੇ ਉਨ੍ਹਾਂ ਦੀ ਪੱਗ ਵੀ ਸਿਰ ਤੋਂ ਲੱਥ ਜਾਂਦੀ ਹੈ। ਉਨ੍ਹਾਂ ਦਾ ਅਸਲ ਨਾਮ ਤਾਂ ਨਾਮਧਾਰੀ ਹੈ, ਪਰ ਉਨ੍ਹਾਂ ਵੱਲੋਂ ਦੇਸ਼ ਨੂੰ ਜਗਾਉਣ ਲਈ ਆਵਾਜ਼ ਬੁਲੰਦ ਕਰਨ ਕਰਕੇ ਸੰਸਾਰ ਕੂਕੇ ਆਖਦਾ ਹੈ। ਇੱਕ ਪੱਗ ਦੇ ਉਤਰ ਜਾਣ ਬਿਨਾਂ ਬਾਕੀ ਸਭ ਮਰਯਾਦਾ ਉਨ੍ਹਾਂ ਵਿੱਚ ਉਵੇਂ ਹੀ ਪ੍ਰਚਲਿਤ ਹੈ, ਜਿਵੇਂ ਖਾਲਸੇ ਦੀ ਚਾਹੀਦੀ ਹੈ॥205॥

**ਕਬਿੱਤ॥ ਭਏ ਕੂਕੇ ਜੈਸ ਅਬਿ ਸੁਨ ਲੇਹੁ ਤੈਸ ਸਭਿ, ਰਾਜ ਸਿੰਘ ਥੈਸ ਜਬਿ ਦੇਸ ਏਸ ਸਾਵਤੈ।**
**ਅਟਕ ਦਰਜਾਉ ਤਟ ਛੋਈ ਨਾਮ ਗਾਮ ਮਾਂਹਿ, ਪੋਠੋਹਾਰ ਦੇਸ ਮਾਂਹਿ ਸਮ ਅਮਰਾਵਤੈਂ।**
**ਸੰਮਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ, ਭਯੋ ਅਵਤਾਰ ਤਹਿਂ ਈਸ਼ ਅੰਸ਼ ਭਾਵਤੈ।**
**ਜਾਤਿ ਕਾ ਅਰੋੜਾ ਭਯੋ ਭਗਤ ਅਮੋੜਾ, ਨਾਮ ਜਪਯੋ ਨ ਥੋੜਾ ਛੋੜਾ ਵਿਸ਼ੇ ਰਸ ਯਾਵਤੈਂ ॥206॥**

ਹੁਣ ਜਿਸ ਤਰ੍ਹਾਂ ਕੂਕਾ ਪੰਥ ਪ੍ਰਗਟ ਹੋਇਆ ਹੈ, ਉਹ ਸੁਣ ਲਵੋ। ਜਦੋਂ ਸਿੰਘਾਂ ਦਾ ਸਮੁੱਚੇ ਪੰਜਾਬ ਦੇਸ਼ ਵਿੱਚ ਰਾਜ ਸੀ। ਸੁਰਗਪੁਰੀ ਵਰਗੇ ਪੋਠੋਹਾਰ ਦੇਸ਼ ਵਿਚ ਅੱਟਕ ਦਰਿਆ ਦੇ ਕੰਢੇ, ਛੋਈ ਨਾਮ ਪਿੰਡ ਵਿਚ ਸੰਮਤ 1856 ਬਿਕ੍ਰਮੀਂ ਨੂੰ, ਈਸ਼ਵਰ ਦੇ ਮਹਾਨ ਅੰਸ਼ਾ-ਅਵਤਾਰ ਬਾਲਕ ਸਿੰਘ ਦਾ ਅਵਤਾਰ ਹੋਇਆ। ਅਰੋੜਾ ਜਾਤੀ ਵਿੱਚ ਪ੍ਰਗਟ ਹੋਏ, ਪ੍ਰਭੂ ਦੇ ਉਸ ਅਨਿੰਨ ਭਗਤ ਨੇ ਕੁਲ ਵਿਸ਼ੇ-ਰਸਾਂ ਨੂੰ ਤਿਆਗ ਕੇ ਬੇਅੰਤ ਨਾਮ ਜਪਿਆ॥206॥

**ਕਬਿੱਤ॥ ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋਂ ਕੇ, ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਜਾਗੀ ਹੈਂ।**
**ਤਾਲਕ ਰਖੈਹੈਂ ਏਕ ਖਾਲਕ ਸੈਂ ਸਾਲਕ ਸੋ, ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ।**
**ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ, ਸਜ-ਮਤ ਭਗਤਿ ਵਿਰਕਤਿ ਅਦਾਗੀ ਹੈਂ।**
**ਕੀਰਤਨ ਕਥਾ ਸਤਸੰਗ, ਜਥਾ ਜੋਗ ਤਥਾ ਰਾਖਤ ਥਾ, ਭਾਖਤ ਥਾ ਭਜਨ ਸਜਾਗੀ ਹੈ॥207॥**

ਨਾਮ ਤਾਂ ਬੇਸ਼ੱਕ ਉਨ੍ਹਾਂ ਦਾ ਬਾਲਕ ਸਿੰਘ ਸੀ ਅਤੇ ਉਹ ਵਿਖਾਵੇ ਦੇ ਵੀ ਤਿਆਗੀ ਸਨ, ਪਰ ਆਪ ਪੈਗੰਬਰਾਂ ਦੀ ਪਾਲਣਾ ਕਰਨ ਵਾਲੇ, ਅਰਸ਼ਾਂ-ਕੁਰਸਾਂ ਦੇ ਮਾਲਕ ਸਨ। ਆਪ ਪੂਰਨ ਗਿਆਨਵਾਨ ਸਨ ਅਤੇ ਕੇਵਲ ਪਰਮਾਤਮਾ ਨਾਲ ਹੀ ਬਿਰਤੀ ਜੋੜੀ ਰੱਖਦੇ ਸਨ। ਆਪ ਜੀਆਂ ਦੇ ਵਿਕਾਰਾਂ ਨੂੰ ਗਾਲਣ ਵਾਲੇ ਅਤੇ ਵੈਰਾਗ ਵਿੱਚ ਚਲਾਉਣ ਵਾਲੇ ਸਨ। ਆਪ ਨੇ ਆਪਣੀ ਸ਼ਕਤੀ ਘੜੇ ਵਿੱਚ ਰੱਖੇ ਦੀਵੇ ਵਾਂਗ ਲੁਕਾ ਕੇ ਰੱਖੀ। ਆਪ ਭਗਤੀ ਦੀ ਸ਼ੋਭਾ ਵਾਲੇ, ਵਿਰੱਕਤ ਅਤੇ ਦੋਸ਼-ਰਹਿਤ ਸਨ। ਕੀਰਤਨ, ਕਥਾ ਅਤੇ ਸਤਿਸੰਗ ਜਿਵੇਂ ਜੋਗ ਸੀ ਉਵੇਂ ਰੱਖਦੇ ਸਨ ਅਤੇ ਸਾਵਧਾਨ ਹੋ ਕੇ ਨਾਮ ਜੱਪਦੇ ਸਨ॥207॥

**ਕਬਿੱਤ॥ ਸੰਮਤ ਪਚਾਸੀਏ ਮੈਂ ਹਜਰੋ ਗਰਾਮ ਮਾਂਹਿ, ਭਾਈ ਤਾਂਹਿ ਕੇ ਦੁਕਾਨ ਆਇ ਤਹਾਂ ਜੋਂ ਕਈ।**
**ਯਾਂਹਿ ਹੇਤ ਬਾਲਕ ਮ੍ਰਿਗੇਸ ਭੀ ਬਿਸੇਸ ਤਹਾਂ, ਆਇ ਕੈ ਨਿਵਾਸ ਕੀਨ ਕ੍ਰਿਤ ਕਰਿ ਕੈ ਖਈ।**
**ਤਾਂਹਿ ਕੇ ਪ੍ਰਤਾਪ ਕਰਿ ਹਜਰੋ ਅਮਾਪ ਵਰ, ਭਯੋ ਸਮ ਔਧ ਤਰ ਮੰਦਤਾ ਬਿਲੈ ਗਈ।**
**ਭਏ ਲੋਗ ਬਡ ਭਾਗੀ ਭਗਤੀ ਮੈਂ ਮਤਿ ਪਾਗੀ, ਸੰਤ ਸੰਗ ਮਾਂਹਿ ਜਾਗੀ ਸੰਤ ਸੇਵ ਹੂੰ ਠਈ॥208॥**

ਸੰਮਤ 1885 ਬਿਕ੍ਰਮੀ ਵਿਚ ਉਨ੍ਹਾਂ ਦੇ ਭਰਾ ਨੇ ਜਦੋਂ ਹਜ਼ਰੋਂ ਸ਼ਹਿਰ ਵਿਚ ਆ ਕੇ ਦੁਕਾਨ ਕਰ ਲਈ ਤਾਂ ਬਾਲਕ ਸਿੰਘ ਜੀ ਵੀ ਜ਼ਿਆਦਾਤਰ ਉਥੇ ਹੀ ਨਿਵਾਸ ਰੱਖਦੇ ਅਤੇ ਕਿਰਤ ਕਰਕੇ ਨਿਰਬਾਹ ਕਰਦੇ। ਉਨ੍ਹਾਂ ਦੇ ਭਗਤੀ ਪ੍ਰਭਾਵ ਅਤੇ ਬੇਅੰਤ ਵਰਾਂ ਕਰਕੇ ਹਜਰੋਂ ਨਗਰ ਅਯੁਧਿਆ ਸਮਾਨ ਮਹਾਨ ਹੋ ਗਿਆ ਤੇ ਸਭ ਬੁਰਾਈ ਦੂਰ ਹੋ ਗਈ ਲੋਕ ਵੱਡੇ ਭਾਗਾਂ ਵਾਲੇ ਬਣ ਗਏ, ਉਨ੍ਹਾਂ ਦੀ ਮਤਿ ਸੰਤਾਂ ਦੀ ਸੰਗਤ ਵਿਚ ਜਾਗ੍ਰਿਤ ਹੋ ਕੇ ਭਗਤੀ ਦੇ ਰੰਗ ਵਿਚ ਰੰਗੀ ਗਈ ਤੇ ਲੱਗੀ ਸੰਤਾਂ ਦੀ ਸੇਵਾ

ਹੋਣ॥ 208॥

**ਕਬਿੱਤ॥ ਬਾਲਕ ਮ੍ਰਿਗੇਸ ਤੈ ਵਿਸੇਸ ਉਪਦੇਸ਼ ਨਾਮ, ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।**
**ਔਰ ਇਲਹਾਮ ਕਰਤਾਰ ਕਈ ਬਾਰ ਦਯੋ, ਨਾਮ ਦੈ ਉਧਾਰ ਕਰਿ ਜੀਵਨ ਕਾ ਤੂੰ ਖਰੇ।**
**ਐਪੇ ਗੁਰੁ ਦਸਮ ਦਰਸ ਦੈ ਜੋ ਕਹਯੋ ਤਾਂਹਿ, ਮੇਰੋ ਅਵਤਾਰ-ਅੰਸ ਰਾਮ ਸਿੰਘ ਹ੍ਵੈ ਭਰੇ।**
**ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ ਨਿਜ ਸ਼ਕਤਿ ਰਖਾਈ, ਗੁਰੁ ਵਾਕ ਦ੍ਰਿਢ ਥੇ ਧਰੇ॥209॥**

ਭਾਵੇਂ ਸ੍ਰੀ ਬਾਲਕ ਸਿੰਘ ਜੀ ਤੋਂ ਪ੍ਰਭੂ ਨਾਮ ਦਾ ਵਿਸ਼ੇਸ਼ ਉਪਦੇਸ਼ ਲੈ ਕੇ ਬੇਅੰਤ ਇਸਤ੍ਰੀ ਪੁਰਖ ਸੰਸਾਰ ਸਾਗਰ ਤੋਂ ਤਰ ਗਏ, ਅਤੇ ਕਰਤਾ ਪੁਰਖ ਨੇ ਆਪ ਨੂੰ ਕਈ ਵਾਰ ਆਕਾਸ਼ ਵਾਣੀ ਰਾਹੀਂ ਹੁਕਮ ਵੀ ਦਿੱਤਾ ਕਿ ਤੁਸੀਂ ਨਾਮ ਦਾ ਉਪਦੇਸ਼ ਦੇ ਕੇ ਜੀਆਂ ਦਾ ਪਾਰ ਉਤਾਰਾ ਕਰੋ। ਪਰੰਤੂ ਜੋ ਦਸਮ ਪਾਤਸ਼ਾਹ ਜੀ ਨੇ ਦਰਸ਼ਨ ਦੇ ਕੇ ਹੁਕਮ ਕੀਤਾ ਸੀ ਕਿ ਮੇਰਾ ਮਹਾਨ ਅੰਸ਼ਾ-ਅਵਤਾਰ ਰਾਮ ਸਿੰਘ ਹੋਵੇਗਾ। ਇਸੇ ਵਾਸਤੇ ਸ੍ਰੀ ਬਾਲਕ ਸਿੰਘ ਜੀ ਨੇ ਗੁਰੂ ਬਚਨਾਂ ਨੂੰ ਪੱਕੀ ਤਰ੍ਹਾਂ ਮੰਨਿਆ ਅਤੇ ਆਪਣੀ ਸ਼ਕਤੀ, ਕਿਸੇ ਹੋਰ ਵਿਚ ਨਹੀਂ, ਸਗੋਂ ਰਾਮ ਸਿੰਘ ਜੀ ਵਿਚ ਹੀ ਟਿਕਾਈ॥ 209॥

**ਕਬਿੱਤ॥ ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੈ ਮੈਂ, ਮਾਘ ਸੁਦੀ ਪੰਚਮੀ ਸਵੇਰੇ ਗੁਰੁ ਵਾਰ ਕੈ।**
**ਜ਼ਿਲੇ ਲੁਦਿਹਾਨੇ ਗਾਮ ਭੈਣੀ ਨਾਮ ਜਾਣੇ ਆਮ, ਅਵਤਰੇ ਸਿੰਘ-ਰਾਮ ਕਲਮਲੈਂ ਟਾਰ ਕੈ।**
**ਜਾਤਿ ਤਰਖਾਨ ਜੱਸੇ ਨਾਮ ਕੇ ਅਵੱਸੇ ਘਰਿ, ਸੱਦਾਂ ਮਾਤ ਸੈਂ ਪ੍ਰਕਾਸ਼ੇ ਨਾਮ ਪਰਚਾਰ ਕੈ।**
**ਬਾਲਕ ਹੀ ਪਨ ਮੈਂ ਥੇ ਈਸ਼੍ਵਰ ਕੋ ਮਨ ਮੈਂ ਥੇ ਧਜਾਵਤੇ ਸਗਨ ਮੈਂ ਥੇ ਜਨੋ ਕੋ ਸੁਧਾਰ ਕੈ॥210॥**

ਉਹ ਹੋਣਹਾਰ (ਗੁਰੂ ਗੋਬਿੰਦ ਸਿੰਘ ਜੀ ਦਾ ਬਚਨ) ਸੰਮਤ 1872 ਬਿ. ਮਾਘ ਸੁਦੀ ਪੰਚਮੀ ਵੀਰਵਾਰ ਅੰਮ੍ਰਿਤ ਵੇਲੇ ਪੂਰੀ ਹੋਈ। ਲੁਧਿਆਣੇ ਜ਼ਿਲ੍ਹੇ ਵਿਚ ਭੈਣੀ ਨਾਮ ਦੇ ਪਿੰਡ ਨੂੰ ਸਾਰੇ ਜਾਣਦੇ ਹਨ, ਉਥੇ ਰਾਮ ਸਿੰਘ ਜੀ ਪਾਪਾਂ ਨੂੰ ਦੂਰ ਕਰਨ ਲਈ ਅਵਤਾਰ ਧਾਰਨ ਕੀਤਾ। ਤਰਖਾਣ ਜਾਤੀ ਦੇ ਬਾਬਾ ਜੱਸਾ ਸਿੰਘ ਜੀ ਦੇ ਬੇ-ਉਲਾਦੇ ਘਰ ਵਿੱਚ, ਮਾਤਾ ਸਦਾ ਕੌਰ ਤੋਂ ਨਾਮ ਦੇ ਪ੍ਰਚਾਰ ਵਾਸਤੇ ਪ੍ਰਕਾਸ਼ ਲਿਆ। ਆਪ ਬਾਲ-ਪਨ ਤੋਂ ਹੀ ਲੋਕਾਈ ਦੇ ਸੁਧਾਰ ਵਾਸਤੇ ਸੰਗੀ ਸਾਥੀਆਂ ਨਾਲ ਈਸ਼ਵਰ ਨੂੰ ਮਨ ਵਿਚ ਸਿਮਰਦੇ ਸਨ॥ 210॥

**ਕਬਿੱਤ॥ ਬਡੇ ਥਾਇ ਜਾਇ ਕੈ ਲਹੌਰ ਪਲਟਨ ਮਾਂਹਿ, ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ।**
**ਬਾਨੀ ਗੁਰੁ ਕੀ ਪਢੈ ਹੈਂ ਭਜਨ ਕਰੈ ਹੈਂ, ਚੈਹੈਂ ਰਹਿਨੋ ਇਕੰਤ ਦੈਹੈਂ ਆਜਜ਼ੈਂ ਕੋ ਬਿੱਤ ਹੈਂ।**
**ਸੰਮਤ ਅਠਾਰਾਂ ਸੌ ਅਠਾਨਵੇਂ ਮੈਂ, ਪਲਟਨ ਗਈ ਥੀ ਸੋ ਹਜਰੋ ਮੈਂ, ਰਾਜ ਕਾਜ ਹਿਤ ਹੈ।**
**ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ, ਰਾਮ ਸਿੰਘ ਦਰਸਾਤੋ ਯਾਂ ਤੈ ਜਾਇ ਜਿਤ ਕਿਤ ਹੈ।211॥**

ਵੱਡੇ ਹੋ ਕੇ ਫੌਜ ਦੀ ਨੌਕਰੀ ਨੂੰ ਸ਼ੁਭ ਕਿਰਤ ਸਮਝ ਕੇ ਲਹੌਰ ਪਲਟਣ ਵਿਚ ਜਾ ਭਰਤੀ ਹੋਏ। ਪਰ ਉਥੇ ਵੀ ਗੁਰੂ ਕੀ ਬਾਣੀ ਪੜ੍ਹਦੇ ਹਨ, ਭਜਨ ਕਰਦੇ ਹਨ, ਗਰੀਬਾਂ ਨੂੰ ਧਨ ਵੰਡਦੇ ਹਨ ਅਤੇ ਇਕਾਂਤ ਰਹਿਣਾ ਪਸੰਦ ਕਰਦੇ ਹਨ। ਸੰਮਤ 1898 ਬਿ. (1841 ਈ:) ਵਿਚ ਸਰਕਾਰੀ ਕੰਮ ਕਾਰ ਵਾਸਤੇ ਆਪ ਜੀ ਵਾਲੀ ਪਲਟਣ ਹਜ਼ਰੋ ਗਈ। ਰਾਮ ਸਿੰਘ ਜੀ ਦੇ ਅੰਦਰ ਸੰਤਾਂ ਨੂੰ ਮਿਲਣ ਦਾ ਬਹੁਤ ਸ਼ੌਕ ਸੀ, ਇਸ ਲਈ ਜਿੱਥੇ ਕਿਤੇ ਵੀ ਜਾਂਦੇ ਸਨ, ਉਥੇ ਸੰਤਾਂ ਦਾ ਦਰਸ਼ਨ ਕਰਦੇ ਸਨ॥ 211॥

**ਕਬਿੱਤ॥ ਬਾਲਕ ਮ੍ਰਿਗੇਸ ਕਾ ਬਿਸੇਸ ਜਸ ਸੁਨ ਸੋਊ, ਕੋਕਿਲ ਬਤਕ ਸੁਤ ਸਮ ਹੁਲਸਾਇ ਕੈ।**
**ਪੁਰਾ ਪੁੰਨਜ ਪੁੰਜ ਜਾਗਯੋ ਰੰਗਨ ਮੈਂ ਖੂਬ ਰਾਂਗਯੋ, ਬਡ ਭਾਗੀ ਪ੍ਰੇਮ ਪਾਗਯੋ ਗਹੇ ਪਗ ਜਾਇ ਕੈ।**
**ਪੇਖ ਅਧਿਕਾਰੀ ਈਸ਼-ਅੰਸ ਅਵਤਾਰੀ, ਤਬਿ ਬਾਲਕ ਮ੍ਰਿਗਾਰੀ ਦੀਓ ਨਾਮ ਮੁਦ ਥਾਇ ਕੈ।**
**ਸਾਰ ਚਾਰ ਬੇਦਨ ਕੋ ਭ੍ਰਮ ਭੇਦ ਛੇਦਨ ਕੋ, ਦਾਇ ਨਿਰਵੇਦਨ ਕੋ ਦੋਖ ਦੁਖ ਘਾਇ ਕੈ ॥212॥**

ਰਾਮ ਸਿੰਘ ਜੀ ਦੇ ਪੂਰਬਲੇ ਜਨਮਾਂ ਦੇ ਪੁੰਨਾਂ ਦਾ ਸਮੂਹ ਅੰਕੁਰਿਤ ਹੋ ਗਿਆ। ਸ੍ਰੀ ਬਾਲਕ ਸਿੰਘ ਜੀ ਦੀ ਖ਼ਾਸ ਉਪਮਾ ਸੁਣ ਕੇ ਵੱਡੇ ਭਾਗਾਂ ਵਾਲੇ ਰਾਮ ਸਿੰਘ ਜੀ ਪ੍ਰੇਮ ਵਿਚ ਲੀਨ ਹੋ ਗਏ, ਕੋਇਲ ਅਤੇ ਬੱਤਖ਼ ਦੇ ਬੱਚੇ ਵਾਂਗ ਉਤਸ਼ਾਹ ਨਾਲ ਉਨ੍ਹਾਂ ਦੇ ਚਰਨ ਜਾ ਪਕੜੇ, ਮਨ ਨੂੰ ਖੂਬ ਰੰਗ ਚੜ੍ਹ ਗਿਆ। ਸ੍ਰੀ ਬਾਲਕ ਸਿੰਘ ਜੀ ਨੇ ਯੋਗ ਅਧਿਕਾਰੀ ਅਤੇ ਪਰਮੇਸਰ ਅਵਤਾਰ ਜਾਣ ਕੇ ਖੁਸ਼ ਹੋ ਕੇ ਭਰਮ ਭੇਦ ਕੱਟਣ, ਵੈਰਾਗ ਦੇਣ ਅਤੇ ਦੋਸ਼ਾਂ ਦੁਖਾਂ ਦੇ ਨਾਸ਼ ਕਰਨ ਵਾਲੇ ਚਹੁੰ ਵੇਦਾਂ ਦਾ ਤੱਤ ਗੁਰਮੰਤ੍ਰ ਬਖਸ਼ ਦਿੱਤਾ॥ 212॥

**ਕਬਿੱਤ॥ ਦੀਓ ਮੰਤ੍ਰ ਰਾਜ ਸ੍ਰੀ ਵਾਹਿਗੁਰੂ ਕਾਜ ਸਾਜ, ਜਾਂਹਿ ਸਮ ਔਰ ਨਾ ਦਰਾਜ ਫਲ ਦਾਇਕੈ।**

**ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ, ਸੋਊ ਸਭਿ ਕੂਰ ਹਮ ਪੇਖ੍ਯੋ ਅਜਮਾਇ ਕੈ।**
**ਏਹੀ ਕਲੀ ਕਾਲ ਕੀ ਕਰਾਲਤਾ ਕੁਚਾਲਤਾ ਕੋ, ਗਾਲਤਾ ਹੈ, ਟਾਲਤਾ ਚੁਰਾਸੀ ਜੋਨਿ ਮਾਇ ਕੈ।**
**ਏਸ ਹੀ ਭਜਨ ਮਾਂਹਿ ਰਾਮ ਸਿੰਘ ਸ-ਉਛਾਹਿ, ਲਾਈ ਲਿਵ ਅਧਕਾਹਿ ਰਸਨਾ ਹਲਾਇ ਕੈ ॥213॥**

ਮੰਤ੍ਰਾਂ ਦਾ ਸਿਰਮੌਰ ਮੰਤ੍ਰ ਜੋ ਸਰਬ ਕਾਰਜ ਰਾਸ ਕਰਨ ਵਾਲਾ ਹੈ ਤੇ ਜਿਸ ਵਰਗਾ ਕੋਈ ਹੋਰ ਵੱਡਾ ਫਲ ਦੇਣ ਵਾਲਾ ਮੰਤ੍ਰ ਨਹੀਂ, ਉਹ ਕੰਨ ਵਿਚ ਫੂਕ ਦਿੱਤਾ। ਕਈ ਜੋ ਕਹਿੰਦੇ ਸਨ ਕਿ ਸੱਯਦਾਨੀ ਨੇ ਕਲਾਮ ਦਿੱਤੀ ਸੀ, ਮੈਂ ਖ਼ੁਦ ਪਰਖ਼ ਕੇ ਵੇਖਿਆ ਹੈ, ਉਹ ਸਭ ਝੂਠ ਹੈ। ਏਹੀ ਨਾਮ ਕਲੂ-ਕਾਲ ਦੀ ਭਿਆਨਕਤਾ ਤੇ ਖੋਟੀਆਂ ਰੀਤਾਂ ਨੂੰ ਗਾਲਣ ਵਾਲਾ, ਮਾਇਆ ਦੇ ਪ੍ਰਭਾਵ ਤੇ ਚੁਰਾਸੀ ਲੱਖ ਜੂਨਾਂ ਦੇ ਚੱਕਰ ਨੂੰ ਟਾਲਣ ਵਾਲਾ ਹੈ ਇਸੇ ਹੀ ਨਾਮ ਵਿਚ ਰਾਮ ਸਿੰਘ ਜੀ ਨੇ ਉਤਸ਼ਾਹ ਨਾਲ ਰਸਨਾ ਹਿਲਾ ਕੇ ਭਜਨ ਕਰਦਿਆਂ ਇੱਕ ਰਸ ਬਿਰਤੀ ਜੋੜ ਲਈ ॥213॥

**ਕਬਿੱਤ॥ ਕਾਰ-ਬਾਰ ਜਗ ਕੇ ਅਸਾਰ ਲਖਿ ਡਾਰਿ ਸਭਿ, ਧਾਰ ਸੁ-ਅਚਾਰ ਔ ਵਿਚਾਰ ਵੀਚ ਰਹਿ ਹੈਂ।**
**ਮਸਤ ਸ਼ਰਾਬੀ ਜਯੋਂ ਰਹਾਬੀ ਬ੍ਰਿਤਿ ਏਕ ਰਸ, ਦਾਬੀ ਦਲਗੀਰੀ ਫਾਬੀ ਖ਼ੁਸ਼ੀ ਤੈ ਅਚਹਿ ਹੈ।**
**ਰੋਧ ਕਰਿ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ, ਸੋਧ ਸੁੱਧ ਠੌਰ ਨਦੀ ਸਰ ਤਟ ਬਹਿ ਹੈਂ।**
**ਜੀਹ ਨਾਮ ਜਪ ਮਾਂਹਿ ਤਨ ਤਾਯੋ ਤਪ ਮਾਂਹਿ, ਮਨ ਮਹਿਬੂਬ ਮਾਂਹਿ ਖੂਬ ਰਾਖ੍ਯੋ ਗਹਿ ਹੈ॥214॥**

ਆਪ ਸੰਸਾਰ ਦੇ ਸਾਰੇ ਧੰਦੇ ਝੂਠੇ ਜਾਣ ਕੇ, ਤਿਆਗ ਕੇ, ਸ਼ੁੱਭ ਆਚਰਣ ਧਾਰ ਕੇ ਸਦਾ ਭਵਿੱਖ ਦੀ ਵਿਚਾਰ ਵਿਚ ਰਹਿੰਦੇ ਹਨ। ਸ਼ਰਾਬੀ ਵਾਂਗ ਬਿਰਤੀ ਇੱਕ ਸਾਰ ਮਸਤ ਰਹਿੰਦੀ। ਉਦਾਸੀ ਦੱਬੀ ਗਈ, ਆਨੰਦ ਅਤੇ ਨਿਰ-ਇਛੱਤਾ ਛਾਈ ਰਹਿੰਦੀ। ਇੰਦ੍ਰੀਆਂ ਨੂੰ ਵਿਕਾਰਾਂ ਵੱਲੋਂ ਰੋਕ ਕੇ, ਮਨ ਨੂੰ ਸਮਝਾ ਕੇ, ਵੱਸ ਕਰਕੇ, ਨਦੀ ਜਾਂ ਸਰੋਵਰ ਕਿਨਾਰੇ ਪਵਿੱਤ੍ਰ ਥਾਂ ਵੇਖ ਕੇ ਬੈਠਦੇ। ਜੀਭ ਨੂੰ ਨਾਮ ਦੇ ਜਾਪ ਵਿੱਚ, ਸਰੀਰ ਨੂੰ ਤਪੱਸਿਆ ਵਿੱਚ ਤੇ ਮਨ ਨੂੰ ਪ੍ਰਭੂ ਪ੍ਰੀਤਮ ਦੇ ਪ੍ਰੇਮ ਵਿੱਚ ਚੰਗੀ ਤਰ੍ਹਾਂ ਟਿਕਾ ਕੇ ਰੱਖਦੇ॥214॥

**ਕਬਿੱਤ॥ ਬੀਸਕ ਬਰਸ ਜਬਿ ਸਰਸ ਬਿਤਾਏ ਐਸ, ਬੰਦਗੀ ਜ਼ੁਹਦ ਜਾਪ ਕੀਨੋ ਮਨ ਲਾਇ ਕੈ।**
**ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿੱਧਿ ਸਿੱਧਿ ਸੋਊ, ਭਾਸੀ ਬਾਣੀ ਮੈਂ ਤਸੀਰ ਭਜਨ ਪ੍ਰਭਾਇ ਕੈ।**
**ਭਈ ਤੌਂ ਅਕਾਸ਼ ਬਾਨੀ ਖਾਸ ਯੌਂ ਮਹਾਨੀ ਤਾਂਹਿ, ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੈ।**
**ਪੰਥ ਗੁਰੁ ਦਸਮ ਕੀ ਰਸਮ ਬਢਾਵੋ ਜਗਿ, ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ ॥215॥**

ਜਦੋਂ ਵੀਹ ਕੁ ਸਾਲ ਇਸ ਤਰ੍ਹਾਂ ਸੰਸਾਰਿਕ ਸੁਖਾਂ ਤੇ ਰਸਾਂ ਦਾ ਤਿਆਗ ਕਰਕੇ, ਮਨ ਟਿਕਾ ਕੇ ਬੰਦਗੀ ਕਰਦਿਆਂ ਅਨੰਦ ਮਗਨ ਬਤੀਤ ਕੀਤੇ ਤਾਂ ਰਿੱਧੀਆਂ ਸਿਧੀਆਂ ਜੋ ਨਾਮ ਦੀਆਂ ਦਾਸੀਆਂ ਹਨ, ਪ੍ਰਗਟ ਹੋ ਆਈਆਂ। ਭਜਨ ਦੇ ਪ੍ਰਭਾਵ ਕਰਕੇ ਬਚਨਾਂ ਵਿਚ ਅਸਰ ਆ ਗਿਆ। ਫਿਰ ਉਨ੍ਹਾ ਨੂੰ ਇਸ ਤਰ੍ਹਾਂ ਮਹਾਨ ਅਕਾਸ਼ ਵਾਣੀ ਹੋਈ ਕਿ ਜੀਵਾਂ ਨੂੰ ਚਾਰ-ਪਦਾਰਥ ਅਤੇ ਗਿਆਨ ਦੇਣ ਵਾਲਾ ਨਾਮ ਦੇਵੋ। ਆਪ ਸ੍ਰੀ ਦਸਮੇਸ਼ ਜੀ ਦੀ ਮਰਯਾਦਾ ਨੂੰ ਦੁਨੀਆਂ ਵਿਚ ਫੈਲਾਉ। ਇਹ ਜਾਣ ਕੇ ਕਿ ਇਹ ਪਰਮੇਸ਼ਰ ਦਾ ਨਿੱਜੀ ਪੰਥ ਹੈ॥215॥

**ਕਬਿੱਤ॥ ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ ਫਿਰ; ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।**
**ਹੁੱਕੇ ਛੁਡਵਾਏ ਰਖਵਾਏ ਕੇਸ ਮੋਨਯੋਂ ਕੇ, ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।**
**ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ, ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ।**
**ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ, ਠੱਗੀ ਤਜਿ ਥੀਏ ਸੰਤ, ਸਤਿਜੁਗ ਆ ਗਿਓ॥216॥**

ਪਰਮੇਸਰ ਜੀ ਦਾ ਇਹ ਖਾਸ ਹੁਕਮ ਪ੍ਰਾਪਤ ਕਰਕੇ ਸ੍ਰੀ ਰਾਮ ਸਿੰਘ ਜੀ ਨਾਮ-ਉਪਦੇਸ਼ ਦੇਣ ਲੱਗੇ। ਆਪ ਨੇ ਹੁੱਕੇ ਆਦਿਕ ਨਸ਼ੇ ਛੁਡਵਾਏ ਅਤੇ ਮੋਨਿਆਂ ਦੇ ਸਿਰਾਂ ਤੇ ਕੇਸ ਰਖਵਾਏ। ਜਿਨ੍ਹਾਂ ਦੇ ਪੂਰਬਲੇ ਭਾਗ ਜਾਗੇ ਉਹ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਆਪ ਦੇ ਅਨਗਿਣਤ ਸਿੱਖ ਹੋ ਗਏ, ਆਪ ਦੀ ਬੇਅੰਤ ਸ਼ੋਭਾ ਦੁਨੀਆਂ ਵਿਚ ਫੈਲ ਗਈ ਇਸ ਤਰ੍ਹਾਂ ਨਾਮ ਰਸ ਦੀ ਲੀਨਤਾ ਵਾਲਾ ਖਾਲਸਾ ਪੰਥ ਬਹੁਤ ਵਧਿਆ। ਲੋਕ ਅਫ਼ੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ ਅਤੇ ਜਾਰੀ ਨੂੰ ਤਿਆਗ ਕੇ ਸੰਤ ਬਣ ਗਏ, ਮਾਨੋ ਕਿ ਸਤਿਜੁਗ ਹੀ ਆ ਗਿਆ॥216॥

**ਕਬਿੱਤ॥ ਕਰਤੋ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ, ਤਾਂ ਤੇ ਨਫਾ ਪਾਇ ਜੋਊ ਆਪ ਪੈਨ੍ਹੈ ਖਾਇ ਹੈ।**
**ਸੰਗਤ ਅਪਾਰ ਆਵੈ ਦ੍ਵਾਰ ਪੈ ਰਹਾਵੈ ਭੀਰ, ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੈਂ ਪਾਇ ਹੈ।**

**ਲੈਹੈ ਜੋਊ ਨਾਮ ਆਇ ਸੋਊ ਤੋ ਮਸਤ ਥਾਇ, ਦਸਤਾਰ ਡਾਰ ਦਾਇ ਹਾਲ ਚਢ ਜਾਇ ਹੈ।**
**ਦੇਤ ਭੇਤ ਨਾਂਹਿ ਕਾਂਹਿ ਕਬੀ ਦੂਸਰੇ ਕੋ ਵਾਹਿ, ਯਾਹਿ ਤੈ ਕਲਾਮ ਬਹੁ ਲੋਗ ਸੋ ਬਤਾਇ ਹੈਂ ॥217॥**

ਸ੍ਰੀ ਰਾਮ ਸਿੰਘ ਜੀ ਲੋਹੇ ਅਤੇ ਕੱਪੜੇ ਦੀ ਦੁਕਾਨ ਕਰਦੇ ਸਨ, ਉਸ ਤੋਂ ਜੋ ਲਾਭ ਪ੍ਰਾਪਤ ਹੁੰਦਾ, ਉਹੋ ਹੀ ਆਪ ਖਾਂਦੇ ਪਹਿਨਦੇ। ਭਾਵੇਂ ਬੇਅੰਤ ਸੰਗਤ ਆਪ ਦੇ ਦਰ ਤੇ ਆਉਂਦੀ ਤੇ ਦਰਵਾਜ਼ੇ ਅੱਗੇ ਭੀੜ ਹੀ ਲੱਗੀ ਰਹਿੰਦੀ। ਪਰ ਉਹ ਜੋ ਪੂਜਾ ਭੇਟਾ ਮੱਥਾ ਟੇਕਦੀ, ਉਸਨੂੰ ਆਪ ਲੰਗਰ ਵਿਚ ਪਾ ਦਿੰਦੇ। ਜੋ ਵੀ ਆ ਕੇ ਭਜਨ ਲੈਂਦਾ, ਉਹ ਦੀਵਾਨਾ ਹੋ ਜਾਂਦਾ, ਪੱਗ ਲਾਹ ਸੁੱਟਦਾ, ਮਸਤੀ ਚੜ੍ਹ ਜਾਂਦੀ ਅਤੇ ਕਿਸੇ ਦੂਸਰੇ ਨੂੰ ਕਦੀ ਭਜਨ ਦਾ ਭੇਤ ਨਹੀਂ ਦੱਸਦਾ, ਇਸੇ ਕਰਕੇ ਹੀ ਬਹੁਤ ਲੋਗ ਉਸਨੂੰ ਕਲਾਮ ਹੀ ਦੱਸਦੇ ਹਨ।217

**ਕਬਿੱਤ॥ ਦੇਸਨ ਮੈਂ ਧੂਮ ਮਾਚੀ ਸਾਚੀ ਇਮ ਤਾਂਹਿ ਤਬਿ, ਆਵੈ ਲੋਗ ਸਿੱਖ ਥਾਵੈ ਅਜ਼ਮਾਵੈਂ ਤੈਸ ਹੀ।**
**ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ, ਥੀਏ ਸਿੱਖ ਬੇਸ਼ੁਮਾਰ ਤੀਨ ਲਾਖ ਐਸ ਹੀ।**
**ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈਂ, ਉਨ ਕੀ ਜੁਬਾਨ ਮੈਂ ਤਸੀਰ ਥਾਈ ਵੈਸ ਹੀ।**
**ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ, ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ॥218॥**

ਜਦੋਂ ਇਸ ਤਰ੍ਹਾਂ ਉਨ੍ਹਾਂ ਦੀ ਸ਼ੋਭਾ ਦੇਸ਼ਾਂ ਵਿਦੇਸ਼ਾਂ ਵਿਚ ਫੈਲ ਗਈ ਤਾਂ ਉਪਮਾ ਸੁਣ-ਸੁਣ ਕੇ ਲੋਕ ਆਉਂਦੇ ਅਤੇ ਪਰਖ ਕਰਕੇ ਸਿੱਖ ਸਜਦੇ ਜਾਂਦੇ। ਏਸੇ ਤਰ੍ਹਾਂ ਮਾਲਵੇ, ਦੁਆਬੇ, ਮਾਝੇ ਅਤੇ ਪੋਠੋਹਾਰ ਤੋਂ ਬੇਅੰਤ ਲੋਕ ਆਕੇ, ਤਿੰਨ ਲੱਖ ਤੋਂ ਵੀ ਜ਼ਿਆਦਾ ਸਿੱਖ ਬਣ ਗਏ। ਅਕਬਰ ਬਾਦਸ਼ਾਹ ਵਾਂਗ ਉਨ੍ਹਾਂ ਨੇ ਬਾਈ ਸੂਬੇ ਬਣਾਏ ਅਤੇ ਉਨ੍ਹਾਂ ਸੂਬਿਆਂ ਦੀ ਜ਼ੁਬਾਨ ਵਿੱਚ ਵੀ ਉਹੋ ਜਿਹਾ (ਸਤਿਗੁਰੂ ਰਾਮ ਸਿੰਘ ਜੀ ਵਰਗਾ) ਹੀ ਅਸਰ ਸਥਾਪਿਤ ਹੋ ਗਿਆ। ਇਸਤ੍ਰੀ ਪੁਰਖ ਜੋਟੀਆਂ ਬਣਾਂ ਕੇ ਢੋਲਕੀ ਵਜਾ ਕੇ ਗੁਰੂ ਕੀ ਬਾਣੀ ਦੇ ਬੇਅੰਤ ਸ਼ਬਦ ਪੜ੍ਹਦੇ॥218॥

**ਕਬਿੱਤ॥ ਹਮਨ ਕਰੈਹੈਂ ਭੋਗ ਗ੍ਰੰਥ ਜੀ ਕੇ ਪੈਹੈਂ, ਬਹੁ ਸੰਗਤੋਂ ਕੇ ਕੱਠ ਥੈਹੈਂ ਰੈਹੈ ਰਚਨਾ ਲਗੀ।**
**ਇਸ਼ਨਾਨ ਕਰਿ ਹੈਂ ਸਕੇਸ ਵੇਸ ਰਾਤ ਹੀ ਤੈ, ਵਾਹਿਗੁਰੂ ਨਾਮ ਮਾਂਹਿ ਰਾਖੈ ਰਸਨਾ ਪਗੀ।**
**ਰਾਖ ਹੈਂ ਪੁਸ਼ਾਕ ਪਾਕ ਸ਼ੁਕਲ ਊਰਣ ਮਾਲ, ਕੱਛ ਕੜਾ ਕ੍ਰਦ ਮਰਦ ਨਾਰਿ ਸਭਿ ਜੇਤਗੀ।**
**ਬਿਨਾ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ ਸਾਂਝ, ਰਾਖ ਹੈਂ ਨ ਕਾਹੂੰ ਸੰਗ ਜਗ ਮੈਂ ਸਗੀ ॥219॥**

ਨਾਮਧਾਰੀ ਸਿੰਘ ਹਵਨ ਕਰਦੇ ਅਤੇ ਸ੍ਰੀ ਗ੍ਰੰਥ ਸਾਹਿਬ ਜੀ ਦੇ ਭੋਗ ਪਾਉਂਦੇ ਹਨ। ਬਹੁਤ ਸੰਗਤਾਂ ਦੇ ਇਕੱਠ ਹੁੰਦੇ, ਇਸ ਤਰ੍ਹਾਂ ਰੌਚਕ ਲੱਗੀ ਰਹਿੰਦੀ। ਅੰਮ੍ਰਿਤ ਵੇਲੇ ਤੋਂ ਹੀ ਸਣੇ ਕੇਸੀ ਇਸ਼ਨਾਨ ਕਰਕੇ, ਚੌ-ਅੱਖਰੇ ਨਾਮ ਵਿਚ ਰਸਨਾ ਲੀਨ ਰੱਖਦੇ। ਪਵਿੱਤ੍ਰ ਸਫੈਦ ਪੁਸ਼ਾਕ ਤੇ ਉੱਨ ਦੀ ਮਾਲਾ ਰੱਖਦੇ ਹਨ। ਜਿੰਨੇ ਵੀ ਇਸਤ੍ਰੀ ਪੁਰਖ ਹਨ ਸਭ ਕਛਹਿਰਾ, ਕੜਾ ਤੇ ਛੋਟੀ ਕ੍ਰਿਪਾਨ ਰੱਖਦੇ ਹਨ। ਨਾਮਧਾਰੀ ਤੋਂ ਬਿਨਾ ਕਿਸੇ ਹੋਰ ਨਾਲ ਰੋਟੀ ਬੇਟੀ ਵਾਲੀ ਨਜ਼ਦੀਕੀ ਰਿਸਤੇਦਾਰੀ ਨਹੀਂ ਰੱਖਦੇ।219

**ਕਬਿੱਤ॥ ਦੇਵ-ਥਾਨ ਤੀਰਥ ਪੁਰਾਨ ਸਾਧੂ ਬਿੱਪਰੋਂ ਕੋ, ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ।**
**ਆਪਸ ਮੈਂ ਦੇਤ ਲੇਤ ਹੈਂ, ਸਹੇਤ ਸਾਕ ਨਾਤਾ, ਰਾਜ ਲੈਨ ਕੇਰੀ ਇੱਛਜਾ ਮਨ ਸਭਿ ਕੇ ਫਬੀ।**
**ਮਰਣੇ ਔ ਪਰਣੇ ਮੈਂ ਬਿੱਪਰੈਂ ਬੁਲਾਵੈਂ ਨਾਂਹਿ, ਆਨੰਦ ਪਢਾਵੈਂ ਰੀਤਿ ਗੁਰੁ ਘਰ ਕੀ ਲਭੀ।**
**ਰਾਮ ਸਿੰਘ ਹੀ ਕੋ ਸਤਿਗੁਰੁ ਅਵਤਾਰ ਪੀਰ ਜਾਨੈ, ਜੋ ਬਖਾਨੈਂ ਵਹਿ ਸੋਊ ਮਾਨ ਹੈਂ ਸਭੀ ॥220॥**

ਦੇਵਤਿਆਂ ਦੇ ਸਥਾਨਾਂ (ਦੇਵਾਲਯ) ਤੀਰਥਾਂ, ਪੁਰਾਨਾਂ, ਭੇਖੀ ਸਾਧੂਆਂ ਤੇ ਬ੍ਰਾਹਮਣਾਂ ਨੂੰ ਨਹੀਂ ਮੰਨਦੇ ਅਤੇ ਨਾ ਹੀ ਕਿਸੇ ਹੋਰ ਨੂੰ ਦਾਨ ਦਿੰਦੇ ਹਨ। ਆਪਸ ਵਿਚ ਹੀ ਪਿਆਰ ਨਾਲ ਸਾਕ ਨਾਤੇ ਲੈਂਦੇ ਦਿੰਦੇ ਹਨ, ਰਾਜ ਪ੍ਰਾਪਤ ਕਰਨ ਦੀ ਇੱਛਾ ਸਭਨਾਂ ਦੇ ਮਨ ਵਿਚ ਦ੍ਰਿੜ ਹੈ। ਮਰਨੇ ਤੇ ਵਿਆਹਾਂ ਆਦਿਕ ਸਮਿਆਂ 'ਤੇ ਬ੍ਰਾਹਮਣਾ ਨੂੰ ਨਹੀਂ ਸੱਦਦੇ, ਸਗੋਂ ਗੁਰੂ-ਘਰ ਦੀ ਵਿਆਹ ਰੀਤੀ ਇਨ੍ਹਾਂ ਨੇ ਖੋਜੀ ਹੈ, ਗੁਰਬਾਣੀ ਅਨੁਸਾਰ ਆਨੰਦ ਪੜ੍ਹਾਉਂਦੇ ਹਨ। ਸ੍ਰੀ ਰਾਮ ਸਿੰਘ ਜੀ ਨੂੰ ਹੀ ਸਤਿਗੁਰੂ, ਅਵਤਾਰ ਤੇ ਪੀਰ ਮੰਨਦੇ ਹਨ, ਜੋ ਉਹ ਆਖਦੇ ਹਨ ਸੋ ਸਭ ਮੰਨਦੇ ਹਨ।220

**ਕਬਿੱਤ॥ ਹੇਰਿ ਏਹੁ ਚਾਲ ਥੀਏ ਬਿੱਪ੍ਰ ਬਿਸਾਲ ਦੁਖੀ, ਨਿੰਦਜਾ ਉਚਾਰੈਂ ਹਿੰਦੂ ਤੁਰਕ ਅਪਾਰੇ ਹੈਂ।**
**ਕਾਰਨ ਦਰਸ ਗੁਰਦ੍ਵਾਰਨ ਸਿਧਾਰਨ ਜੌ ਸ਼ਬਦ ਉਚਾਰਨ ਡਾਰਨ ਦਸਤਾਰੇ ਹੈਂ।**
**ਹੇਰ ਕੇ ਪੁਜਾਰੇ ਭਾਰੇ ਦੁਖੀ ਹ੍ਵੈ ਉਚਾਰੇਂ ਗਾਰੇਂ , ਸ਼ਰ੍ਹਾ ਮਨਵਾਹਿੰ, ਵਾਹਿ ਉਨ ਕੀ ਨ ਧਾਰੇ ਹੈਂ।**
**ਯੌਂਹੀ ਰੈਹੈ ਰੌਰਾ ਗੌਰਾ ਕੂਕਜੋਂ ਕਾ ਦੇਸਨ ਮੈਂ, ਬਾਢੇ ਅਤਿ ਭਾਰੇ ਹਿੰਦੁ ਤੁਰਕਨ ਤੈ ਨਿਆਰੇ ਹੈਂ॥221॥**

ਇਹ ਰੀਤੀ ਵੇਖਕੇ ਬ੍ਰਾਹਮਣ ਬਹੁਤ ਦੁਖੀ ਹੋਏ, ਬਹੁਤ ਹਿੰਦੂ ਅਤੇ ਮੁਸਲਮਾਨ ਨਿੰਦਿਆਂ ਦੀਆਂ ਗੱਲਾਂ ਕਰਦੇ। ਕੂਕੇ ਜਦੋਂ ਦਰਸ਼ਨ ਕਰਨ ਵਾਸਤੇ ਗੁਰਦੁਆਰਿਆਂ ਵਿਚ ਜਾਂਦੇ, ਸ਼ਬਦ ਪੜ੍ਹਦੇ ਅਤੇ ਮਸਤੀ ਵਿਚ ਪੱਗਾਂ ਲਾਹ ਸੁੱਟਦੇ ਤਾਂ ਇਹ ਵੇਖਕੇ ਪੁਜਾਰੀ ਬਹੁਤ ਦੁਖੀ ਹੋ ਕੇ ਬੁਰਾ-ਭਲਾ ਬੋਲਦੇ, ਆਪਣੀ ਸ਼ਰ੍ਹਾ ਮੰਨਵਾਉਂਦੇ, ਪਰ ਕੂਕੇ ਉਨ੍ਹਾਂ ਦੀ ਰਹੁ-ਰੀਤ ਨਹੀਂ ਮੰਨਦੇ। ਇਸੇ ਤਰ੍ਹਾਂ ਕੂਕਿਆਂ ਨਾਲ ਥਾਂ-ਥਾਂ ਤੇ ਰੌਲਾ ਗੌਲਾ ਰਹਿੰਦਾ, ਪਰ ਹਿੰਦੂਆਂ ਤੇ ਮੁਸਲਮਾਨਾਂ ਤੋਂ ਨਿਆਰੇ ਸੰਤ-ਖਾਲਸੇ ਦੀ ਗਿਣਤੀ ਬਹੁਤ ਜ਼ਿਆਦਾ ਵਧੀ॥ 221॥

**ਕਬਿੱਤ॥ ਰਾਮ ਸਿੰਘ ਜਾਇ ਜਿਤ, ਸਿੱਖ ਹ੍ਵੈ ਹਜਾਰੋਂ ਤਿਤ, ਭੇਟ ਦੈਹੈਂ ਪੀਨ ਧਨ ਦੀਨ ਬੋਲ ਬੈਨ ਹੈਂ।**
**ਦਮਦਮੇ ਸਾਹਿਬ, ਮੁਕਤਸਰ ਮੇਲਜੋਂ ਪੈ, ਗਯੋ ਜਬਿ ਥਯੋ ਦਲ ਤਾਂਹਿ ਸੰਗ ਐਨ ਹੈ।**
**ਹੇਰ ਕੈ ਅਰੂਜ' ਤੈ ਨਮੂਜ ਤਬਿ ਤਾਂਹਿ ਬਡ, ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।**
**ਡਿਪਟੀ ਕਮਿਸ਼ਨਰ ਕੋਟਵਾਲ ਠਾਣੇਦਾਰ, ਰੈਹੈਂ ਪੇਸ਼ਵਾਈ ਮਾਂਹਿ ਤਾਂਹਿ ਕੇ ਸਸੈਨ ਹੈਂ॥ 222॥**

ਜਿਥੇ ਵੀ ਸ੍ਰੀ ਰਾਮ ਸਿੰਘ ਜੀ ਜਾਂਦੇ ਹਨ, ਉੱਥੇ ਹੀ ਹਜ਼ਾਰਾਂ ਸਿੱਖ ਬਣ ਜਾਂਦੇ, ਬਹੁਤ ਮਾਇਆ ਭੇਟਾ ਦਿੰਦੇ, ਅਤੇ ਨਿੰਮ੍ਰਤਾ ਦੇ ਬਚਨ ਬੋਲਦੇ। ਦਮਦਮੇ ਸਾਹਿਬ ਤੇ ਮੁਕਤਸਰ ਦੇ ਮੇਲਿਆਂ ਤੇ ਜਦੋਂ ਉਹ ਗਏ ਤਾਂ ਉਨ੍ਹਾਂ ਦੇ ਨਾਲ ਵੱਡਾ ਜੱਥਾ ਬਣ ਗਿਆ। ਹਾਕਮ ਤੇ ਪੁਜਾਰੀ ਉਨ੍ਹਾਂ ਦਾ ਪ੍ਰਤਾਪ ਤੇ ਮਾਨ-ਪ੍ਰਤਿਸ਼ਠਾ ਵੇਖ ਕੇ ਬਹੁਤ ਬੇਚੈਨ ਹੋਏ। ਡਿਪਟੀ ਕਮਿਸ਼ਨਰ, ਕੋਤਵਾਲ ਤੇ ਥਾਣੇਦਾਰ ਫੌਜ਼ ਸਮੇਤ ਉਨ੍ਹਾਂ ਦੀ ਅਗਵਾਨੀ (ਸਤਿਕਾਰ) ਵਿਚ ਰਹਿੰਦੇ ਹਨ॥ 222॥

**ਕਬਿੱਤ॥ ਅਦਬ ਹਿਫਾਜ਼ਤ ਇਨਤਜ਼ਾਮ ਰਾਖੈ ਵਾਹਿ, ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।**
**ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ, ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ।**
**ਪਰਸ਼ਾਦ ਭੇਟ ਲੈ ਕੈ ਗਯੋ ਜਬਿ ਗੁਰਦ੍ਵਾਰੇ, ਮਿਲ ਕੈ ਪੁਜਾਰੀਓਂ ਨੇ ਕਹਯੋ ਐਸ ਹੂੰ ਖਰੈਂ।**
**ਤਾਲ ਪੱਕਾ ਕਰਵਾਇ ਦੇਹੁ ਤਨਖਾਹਿ ਏਹੁ, ਦਸਤਾਰ ਉਤਰੈ ਨ ਹਾਲ ਕਿਸੀ ਕੋ ਚਰੈ॥ 223॥**

ਉਹ ਸਰਕਾਰੀ ਅਫਸ਼ਰ ਉਨ੍ਹਾਂ ਦੀ ਰਾਖੀ ਤੇ ਸਤਿਕਾਰ ਕਾਇਮ ਰੱਖਦੇ ਹਨ, ਪਰ ਲੋਕ ਆਪਣੇ ਆਪਣੇ ਮਨ ਨੂੰ ਭਾਉਂਦੀਆਂ ਗੱਲਾਂ ਕਰਦੇ ਹਨ। ਸ੍ਰੀ ਰਾਮ ਸਿੰਘ ਜੀ ਅਰਦਾਸ ਕਰਵਾਉਣੀ ਚਾਹੁੰਦੇ ਸਨ ਤਾਂ ਕਿ ਇਸ ਰੀਤੀ ਨਾਲ ਪੰਥ ਵਿਚ ਇਤਫ਼ਾਕ (ਪ੍ਰੇਮ) ਹੋਵੇ ਅਤੇ ਪੰਥ ਦਾ ਪ੍ਰਤਾਪ ਭਲੀ ਪ੍ਰਕਾਰ ਵਧੇ। ਪਰ ਜਦੋਂ ਉਹ ਗੁਰਦੁਆਰੇ ਪ੍ਰਸ਼ਾਦ ਭੇਟਾ ਲੈ ਕੇ ਗਏ ਤਾਂ ਪੁਜਾਰੀਆਂ ਨੇ ਇਕੱਠੇ ਹੋ ਕੇ ਖਰ੍ਹਵੇ ਬੋਲਾਂ ਵਿਚ ਇਸ ਤਰ੍ਹਾਂ ਕਿਹਾ ਕਿ ਇਹ ਤਨਖਾਹ ਦਿਉ- ਕਿ 'ਸਰੋਵਰ ਪੱਕਾ ਕਰਵਾ ਦਿਉ, ਅਤੇ ਕਿਸੇ ਨੂੰ ਮਸਤੀ ਨਾ ਚੜ੍ਹੇ ਤੇ ਨਾ ਹੀ ਕਿਸੇ ਦੀ ਦਸਤਾਰ ਲੱਥੇ॥ 223॥

**ਕਬਿੱਤ॥ ਕਹਯੋ ਰਾਮ ਸਿੰਘ ਉਭੈ ਬਾਤ ਨਾਂਹਿ ਥਾਤ ਮੋ ਤੈ, ਦੈਂਹੁ ਤਨਖਾਹਿ ਕਿਛੁ ਜਥਾ ਜੋਗ ਜੇ ਰਰਯੋ।**
**ਹੁਤੋ ਗੁਰੁਦ੍ਵਾਰੇ ਤੰਬੂ ਸਾਹਿਬ ਕਾ ਜੋ ਮਹੰਤ ਮੰਗਲ-ਮ੍ਰਿਗੇਸ, ਤਾਂਹਿ ਪ੍ਰਖਬੇ ਕੋ ਯੌਂ ਫਰਯੋ।**
**ਧਾਰ ਹੈ ਨ ਕੂਕਾ ਕੋਊ ਕਬੀ ਨੀਲ ਰੰਗ ਅੰਗ, ਨੀਲਾ ਸਿਰੋਪਾਉ ਰਾਮ ਸਿੰਘ ਆਗੇ ਲਜਾ ਧਰਯੋ।**
**ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ, ਤੌਂ ਭੀ ਨਾਂ ਪੁਜਾਰੀਓਂ ਨੈ ਇਤਫਾਕ ਹੈ ਕਰਯੋ॥ 224॥**

ਸ੍ਰੀ ਰਾਮ ਸਿੰਘ ਜੀ ਨੇ ਕਿਹਾ, "ਇਹ ਦੋਵੇ ਹੀ ਗੱਲਾਂ ਮੇਰੇ ਕੋਲੋਂ ਨਹੀਂ ਹੋ ਸਕਦੀਆਂ। ਪਰ ਜੇ ਤੁਸੀਂ ਕਹਿੰਦੇ ਹੋ ਤਾਂ ਜੈਸੀ ਜੋਗ ਹੋਵੇ ਤਨਖਾਹ ਮੈਂ ਦੇ ਦਿਆਂਗਾ।" ਮੰਗਲ ਸਿੰਘ ਜੋ ਕਿ ਗੁਰਦੁਆਰਾ ਤੰਬੂ ਸਾਹਿਬ (ਮੁਕਤਸਰ) ਦਾ ਮਹੰਤ ਸੀ, ਉਸਨੇ ਪਰਖਣ ਦਾ ਇਹ ਢੰਗ ਫੜ੍ਹਿਆ ਕਿ ਕੋਈ ਵੀ ਕੂਕਾ ਕਦੀ ਵੀ ਨੀਲਾ ਰੰਗ ਨਹੀਂ ਪਹਿਨਦਾ, ਉਸਨੇ ਨੀਲਾ ਸਿਰੋਪਾਉ ਸ੍ਰੀ ਰਾਮ ਸਿੰਘ ਜੀ ਅੱਗੇ ਲਿਆ ਰੱਖਿਆ। ਭਾਵੇਂ ਉਨ੍ਹਾਂ ਨੇ ਉਹ ਵੀ ਨਿਜ ਸੀਸ ਉਪਰ ਧਾਰਨ ਕਰ ਲਿਆ, ਫਿਰ ਵੀ ਪੁਜਾਰੀਆਂ ਨੇ ਏਕਤਾ ਨਾ ਕੀਤੀ॥ 224॥

**ਕਬਿੱਤ॥ ਐਸ ਹੀ ਅਨੰਦਪੁਰ ਗਯੋ ਜਬਿ ਰੌਰ ਰਹਯੋ, ਸੰਮਤ ਉਨੀ ਸੌ ਬਾਈ ਤੇਈ ਮਧ ਚੰਗ ਹੈ।**
**ਦੀਪਮਾਲ ਚੌਬੀ ਸਾਲ ਹੂੰ ਕੀ ਪਰ ਸੁਧਾਸਰ, ਆਯੋ ਹਾਕਮੋਂ ਨੈ ਕੀਨੀ ਖਾਤਰ ਸੁਰੰਗ ਹੈ।**
**ਉਤਰਯੋ ਬਹਿਰ ਚਾਟੀਪਿੰਡ ਦਰਵਾਜੇ ਹੂੰ ਤੈ, ਬੀਸਕ ਹਜਾਰ ਕੂਕਾ ਸਿੰਘ ਥਯੋ ਸੰਗਿ ਹੈ।**
**ਪਰਸ਼ਾਦ ਭੇਟ ਲੈ ਅਪਾਰ ਜਬਿ ਦਰਬਾਰ ਆਯੋ ਤੌਂ ਪੁਜਾਰੀਓਂ ਨੈ ਕੀਨ ਯੌਂ ਕੁਢੰਗ ਹੈ॥ 225॥**

ਇਸੇ ਤਰ੍ਹਾਂ ਹੀ ਸੰਮਤ 1922-23 ਬਿਕ੍ਰਮੀ (1966 ਈ:) ਵਿਚ ਜਦੋਂ ਉਹ ਆਨੰਦਪੁਰ ਗਏ, ਉਥੇ ਵੀ ਬਹੁਤ ਰੌਲਾ ਗੌਲਾ ਰਿਹਾ। 1924 ਬਿਕ੍ਰਮੀ (1967 ਈ:) ਦੀ ਦੀਵਾਲੀ ਉੱਪਰ ਅੰਮ੍ਰਿਤਸਰ ਆਏ ਤਾਂ ਹਾਕਮਾਂ ਨੇ ਬੜੇ ਪ੍ਰੇਮ ਸਹਿਤ ਸੇਵਾ

ਕੀਤੀ। ਚਾਟੀ ਵਿੰਡ ਦਰਵਾਜੇ ਤੋਂ ਬਾਹਰ ਉਤਾਰਾ ਕੀਤਾ ਗਿਆ ਉਸ ਵਕਤ ਵੀਹ ਕੁ ਹਜ਼ਾਰ ਕੂਕਾ ਸਿੰਘ ਨਾਲ ਸੀ। ਬੇਅੰਤ ਭੇਟਾ ਅਤੇ ਪਰਸ਼ਾਦ ਲੈ ਕੇ ਜਦੋਂ ਦਰਬਾਰ ਸਾਹਿਬ ਆਏ ਤਾਂ ਪੁਜਾਰੀਆਂ ਨੇ ਇਸ ਤਰ੍ਹਾਂ ਖੋਟੀ ਚਾਲ ਚੱਲੀ॥225॥

**ਕਬਿੱਤ॥ ਕੇਈ ਤੋ ਹਜ਼ਾਰੋਂ ਹੀ ਰੁਪੱਯਾ ਰਿਸ਼ਵਤ ਮਾਂਗੈਂ, ਕੋਊ ਤਨਖਾਹਿ ਚਾਰ ਪਾਂਚ ਲਾਖ ਮੰਗ ਹੈਂ।**
**ਹੋਇ ਕੈ ਮਸਤ ਕੋਊ ਕੂਕਾ ਨ ਉਤਾਰੈ ਪਾਗ, ਸਿੱਖ ਨ ਕਹਾਵੈਂ ਤੇਰੇ, ਧਾਰੈਂ ਨੀਲ ਰੰਗ ਹੈਂ ।**
**ਕਹਜੋ ਰਾਮ ਸਿੰਘ ਏਹੁ ਬਾਤ ਸਭਿ ਗੁਰੂ ਵਸ, ਸ਼ਕਤਿ ਨ ਮੋ ਮੈਂ ਏਤੀ ਫੇਰੋਂ ਮਨ ਢੰਗ ਹੈ।**
**ਤਨਖਾਹਿ ਆਹਿ ਮੋ ਮੈਂ ਚਤਰ ਬਿਧਾ ਜੇ ਕੋਊ, ਲੇਹੁ ਦੰਡ ਵਾਹਿ ਕਰਿ ਸਹੀ ਸੋ ਨਿਸੰਗ ਹੈ॥226॥**

ਕਈ ਤਾਂ ਹਜ਼ਾਰਾ ਹੀ ਰੁਪਏ ਵੱਢੀ ਮੰਗਦੇ ਸਨ ਤੇ ਕਈ ਚਾਰ ਪੰਜ ਲੱਖ ਤਨਖਾਹ (ਜੁਰਮਾਨਾ) ਦੀ ਮੰਗ ਕਰ ਰਹੇ ਸਨ ਅਤੇ ਕਹਿ ਰਹੇ ਸਨ ਕਿ ਕੋਈ ਵੀ ਕੂਕਾ ਮਸਤ ਹੋ ਕੇ ਪੱਗ ਨਾ ਉਤਾਰੇ, ਇਹ ਤੇਰੇ ਸਿੱਖ ਨਾ ਕਹਾਉਣ ਅਤੇ ਸਭ ਨੀਲਾ ਰੰਗ ਧਾਰਨ ਕਰਨ। ਸ੍ਰੀ ਰਾਮ ਸਿੰਘ ਜੀ ਨੇ ਕਿਹਾ, "ਇਹ ਗੱਲ ਤਾਂ ਗੁਰੂ ਦੇ ਵੱਸ ਹੈ, ਮੇਰੇ ਵਿਚ ਇੰਨੀ ਸ਼ਕਤੀ ਨਹੀਂ ਕਿ ਮੈਂ ਕਿਸੇ ਦੇ ਮਨ ਦਾ ਸੁਭਾਓ ਬਦਲ ਸੱਕਾਂ। ਜੇ ਮੇਰੇ ਵਿਚ ਚਾਰ ਬੱਜਰ ਕੁਰਹਿਤਾਂ ਵਿਚੋਂ ਕੋਈ ਹੈ ਤਾਂ ਉਹ ਸਾਬਤ ਕਰ ਕੇ ਨਿਸ਼ੰਗ ਹੋ ਕੇ ਤਨਖਾਹ ਲੈ ਲਵੋ॥226॥

**ਕਬਿੱਤ॥ ਥੀਓ ਤਕਰਾਰ ਇਨ ਬਾਤਨ ਪੈ ਭਾਰਿ ਜਬ,ਬਢਤੀ ਨਿਹਾਰਿ ਰਾਰ ਰਾਮ ਸਿੰਘ ਜੂ ਤਬੈ।**
**ਗੁਰੂਦ੍ਵਾਰ ਆਗੇ ਥਿਰਿ ਆਪ ਹੀ ਅਰਦਾਸ ਕਰਿ, ਦੀਓ ਬ੍ਰਤਵਾਇ ਪਰਸ਼ਾਦ ਸਭਿ ਕੋ ਸਭੈ।**
**ਗਾਵਤੇ ਸ਼ਬਦ ਪ੍ਰਦੱਖਨਾ ਲੈ ਗਏ ਡੇਰੇ, ਐਸ ਹੀ ਨ੍ਰਿਮਲਯੋਂ ਕੇ ਸਾਥ ਕੀਨ ਇਨਿ ਹੈ ਅਬੈ।**
**ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ ਪੁਜਾਰੀਓਂ ਨੇ, ਮੇਲ ਹੋਨ ਦੇਤ ਨ ਸ਼ਰ੍ਹਈ ਮੰਦ ਯੇ ਕਬੈ॥227॥**

ਜਦ ਇਨ੍ਹਾਂ ਗੱਲਾਂ ਤੇ ਬਹੁਤ ਵਾਦ ਵਿਵਾਦ ਹੋਇਆ, ਤਾਂ ਸ੍ਰੀ ਰਾਮ ਸਿੰਘ ਜੀ ਨੇ ਝਗੜਾ ਵਧਦਾ ਵੇਖ ਕੇ ਗੁਰਦੁਆਰਾ ਸਾਹਿਬ ਅੱਗੇ ਖੜ੍ਹੇ ਹੋ ਕੇ, ਆਪ ਹੀ ਅਰਦਾਸ ਕਰਕੇ ਸਾਰਾ ਪ੍ਰਸ਼ਾਦ ਸਭ ਸੰਗਤਾਂ ਵਿੱਚ ਵਰਤਵਾ ਦਿੱਤਾ। ਸ਼ਬਦ ਪੜ੍ਹਦੇ ਹੋਏ ਪ੍ਰਕਰਮਾ ਕਰਕੇ ਆਪਣੇ ਡੇਰੇ ਚਲੇ ਗਏ। ਇਸੇ ਤਰ੍ਹਾਂ ਹੀ ਹੁਣ ਇਨ੍ਹਾਂ ਪੁਜਾਰੀਆਂ ਨੇ ਨਿਰਮਲਿਆਂ ਦੇ ਨਾਲ ਕੀਤੀ ਹੈ। ਪੰਥ ਰੂਪੀ ਦੁੱਧ ਵਿਚ ਪੁਜਾਰੀਆਂ ਨੇ ਫੁੱਟ ਰੂਪ ਕਾਂਜੀ ਪਾ ਦਿੱਤੀ, ਇਹ ਭੈੜੇ ਸ਼ਰ੍ਹੱਈ ਕਦੇ ਵੀ ਮੇਲ ਨਹੀਂ ਹੋਣ ਦਿੰਦੇ॥227॥

**ਕਬਿੱਤ॥ ਯੱਦਪਿ ਪੁਜਾਰੀ ਥੇ ਬਿਰੋਧੀ ਇਨੈ ਕੇਰ ਥਏ, ਤੌ ਭੀ ਉਭੈ ਪੰਥ ਯੇ ਬਢਾਏ ਗੁਰੁ ਨੈ ਘਨੇ।**
**ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ, ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ।**
**ਸੰਮਤ ਉਨੀ ਸੌ ਬੀਸ ਤੀਸ ਕੇ ਵਖਤ ਮਧ, ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ।**
**ਦੇਖਿ ਦੇਖਿ ਹਿੰਦੂ ਸਭਿ ਹੋਹਿਂ ਦੁਖਜਾਰੇ ਭਾਰੇ, ਚਾਰਾ ਜੋਰ ਸਰਕਾਰ ਸੰਗ ਕੋਊ ਨਾ ਬਨੇ॥228॥**

ਭਾਵੇਂ ਪੁਜਾਰੀ ਇਨ੍ਹਾਂ ਦੇ ਵਿਰੋਧੀ ਸਨ, ਫਿਰ ਵੀ ਗੁਰੂ ਨੇ ਇਹ ਦੋਵੇਂ ਪੰਥ (ਨਾਮਧਾਰੀ ਤੇ ਨਿਰਮਲੇ) ਬਹੁਤ ਵਧਾਏ। ਹੁਣ ਸੁਣੋ ਕਿ ਕੂਕੇ ਜਿਸ ਤਰ੍ਹਾਂ ਧਰਮ ਵਾਸਤੇ ਸਿਰ ਦੇ ਕੇ ਧਰਮੀ ਸ਼ਹੀਦਾਂ ਵਿਚ ਗਿਣੇ ਗਏ। ਸੰਮਤ 1920-30 ਦੇ ਦਰਮਿਆਨ ਥਾਂ ਥਾਂ ਤੇ ਗਊਆਂ ਦੇ ਬਹੁਤ ਜਿਆਦਾ ਕਤਲ ਹੋਣ ਲੱਗ ਪਏ ਸਨ। ਇਹ ਵੇਖ ਵੇਖ ਕੇ ਸਭ ਹਿੰਦੂ ਬਹੁਤ ਜਿਆਦਾ ਦੁਖੀ ਹੋਏ, ਪਰ ਉਨ੍ਹਾਂ ਦੀ ਸਰਕਾਰ ਨਾਲ ਕੋਈ ਚਾਰਾਜੋਈ ਨਾ ਬਣੀ ਭਾਵ ਕੋਈ ਵੱਸ ਨਾ ਚੱਲਿਆ ॥228॥

**ਕਬਿੱਤ॥ ਹਿੰਮਤਿ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ, ਬੁੱਚੜ ਬਿਦਾਰੇ ਹਤਜਾਰੇ ਬਹੁ ਠੌਰ ਪੈ।**
**ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀਂ, ਅੰਗ੍ਰੇਜੋਂ ਗਹਿ ਕੈ ਦੁਖਜਾਰੇ ਕੀਨੇ ਗੌਰ ਪੈ।**
**ਦੈਨ ਲਾਗੇ ਫਾਂਸੀ ਜਬਿ ਆਇ ਖੁਦ ਕੂਕੇ ਤਬਿ, ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ।**
**ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ, ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ॥229॥**

ਉਦੋਂ ਨਾਮਧਾਰੀ ਸਿੰਘਾਂ ਨੇ ਕਮਰਾਂ ਕੱਸ ਕੇ ਹਿੰਮਤ ਨਾਲ ਬਹੁਤ ਥਾਵਾਂ ਤੇ ਗਊ ਹੱਤਿਆਂ ਕਰਨ ਵਾਲੇ ਬੁੱਚੜਾਂ ਨੂੰ ਮਾਰ ਦਿੱਤਾ। ਅੰਮ੍ਰਿਤਸਰ ਸ਼ਹਿਰ ਤੇ ਹੋਰ ਪਿੰਡਾਂ ਦੇ ਹਿੰਦੂ ਅਤੇ ਮਸ਼ਹੂਰ ਲੋਕ ਅੰਗ੍ਰੇਜ਼ਾਂ ਨੇ ਫੜ ਕੇ ਬਹੁਤ ਤੰਗ ਕੀਤੇ। ਜਦੋਂ ਉਨ੍ਹਾਂ ਨੂੰ ਇਕਬਾਲ ਕਰਵਾ ਕੇ ਫਾਂਸੀ ਦੇਣ ਲੱਗੇ ਤਾਂ ਕੂਕੇ ਖੁਦ ਚੱਲ ਕੇ ਆਏ ਅਤੇ ਸਭ ਤਰ੍ਹਾਂ ਆਪ ਕਾਤਲ ਸਾਬਤ ਹੋ ਗਏ। ਖੁਸ਼ ਹੋ ਕੇ ਸਿਰ ਦਿੱਤੇ ਅਤੇ ਸਚਖੰਡ ਜਾ ਪਹੁੰਚੇ। ਫਿਰ ਮਲੇਰ ਕੋਟਲੇ ਵਿਚ ਹੋਰ ਸਾਕਾ ਹੋਇਆ॥229॥

**ਕਬਿੱਤ॥ ਕੂਕੇ ਸਿੰਘ ਸਾਠਕੋਂ ਨੇ ਠਾਟ ਕੈ ਮਰਨ ਨਿਜ, ਮਾਰ ਕੇ ਕਸਾਈਆਂ ਕੋ ਗਾਈਆਂ ਬਚਾਈਆਂ।**
**ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ, ਸਿੰਘਨ ਸੈਂ ਲਰੀ ਇਨੈ ਮਾਰ ਕੇ ਹਟਾਈਆ।**

**ਉਡੇ ਸੋਊ ਤੋਪੋਂ ਆਗੇ ਅਨੁਰਾਗੇ ਸਬਦੋਂ ਮੈਂ, ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆ॥230॥**

ਸੱਠ ਕੁ ਕੂਕੇ ਸਿੰਘਾਂ ਨੇ ਆਪਣਾ ਮਰਨਾ ਠਾਣ ਕੇ ਬੁੱਚੜਾਂ ਨੂੰ ਮਾਰ ਕੇ ਗਊਆਂ ਨੂੰ ਬਚਾਇਆ। ਮਲੇਰਕੋਟਲੇ ਦੀ ਸਭ ਤੁਰਕਾਂ ਦੀ ਅਤੇ ਪਠਾਣੀ ਫੌਜ ਰਲ ਕੇ ਸਿੰਘਾਂ ਨਾਲ ਲੜੀ ਪਰ ਇਨ੍ਹਾਂ ਨੇ ਮਾਰ ਕੇ ਪਿਛੇ ਭਜਾ ਦਿੱਤੀ। ਪਟਿਆਲੇ ਰਿਆਸਤ ਦੀ ਫੌਜ ਨੇ ਵੱਡੀ ਗਿਣਤੀ ਵਿਚ ਜਾ ਕੇ ਧੋਖੇ ਨਾਲ ਸਹੁੰਆਂ ਖਾ ਕੇ ਲਿਆ ਕੇ ਫੜਾ ਦਿਤੇ। ਉਹ ਵੱਡਿਆਂ ਭਾਗਾਂ ਵਾਲੇ ਗੁਰਬਾਣੀ ਦੇ ਪ੍ਰੇਮੀ ਸਿੰਘ ਧਰਮ ਵਾਸਤੇ ਖੁਸ਼ੀ-ਖੁਸ਼ੀ ਤੋਪਾਂ ਅੱਗੇ ਉੱਡ ਗਏ॥230॥

**ਕਬਿੱਤ॥ ਸਰਦਾਰ ਰਾਜੇ ਤੈ ਮੁਸਾਹਿਬ ਸਾਹਿਬ ਬਡੇ, ਅਚਰਜ ਥੀਏ ਹੇਰਿ ਕਾਰ ਤਿਨ ਕੇਰ ਪੈ।**
**ਦੋਸ਼-ਹੀਨ ਓਸ ਸਮੇਂ ਰਾਮ ਸਿੰਘ ਕੋ, ਰੰਗੂਨ ਭੇਜ ਦੀਓ ਅੰਗ੍ਰੇਜ਼ੈਂ ਖੂਬ ਸੋਚ ਫੇਰ ਪੈ।**
**ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ, ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ।**
**ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ ਭਾਈ ਤਾਂਹਿ, ਅਬਿ ਹੈ ਮਹੰਤ ਕੰਤ ਕੂਕਨੋਂ ਕਾ ਹੇਰ ਪੈ॥231॥**

ਸਰਦਾਰ, ਮਹਾਰਾਜੇ, ਅਹਿਲਕਾਰ ਅਤੇ ਅੰਗ੍ਰੇਜ਼ ਹੁਕਮਰਾਨ ਕੂਕਿਆਂ ਦੇ ਕਾਰਨਾਮੇਂ ਵੇਖ ਕੇ ਹੈਰਾਨ ਹੋ ਗਏ। ਅੰਗ੍ਰੇਜ਼ਾਂ ਨੇ ਖੂਬ ਸੋਚ ਵਿਚਾਰ ਕਰਕੇ ਬਿਨਾਂ ਦੋਸ਼ ਹੀ ਸ੍ਰੀ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ। ਹੋਰ ਜਿਹੜੇ ਸੂਬੇ ਸਨ, ਉਹ ਵੀ ਵੱਖ ਵੱਖ ਥਾਵਾਂ ਤੇ ਭੇਜ ਦਿੱਤੇ ਅਤੇ ਇਸ ਪੰਥ ਦਾ ਵਧਦਾ ਜ਼ੋਰ ਤੋੜ ਦਿੱਤਾ। ਹੁਣ ਸ੍ਰੀ ਰਾਮ ਸਿੰਘ ਜੀ ਦੇ ਥਾਂ ਤੇ ਉਹਨਾਂ ਦਾ ਭਾਈ ਬੁੱਧ ਸਿੰਘ ਕੂਕਿਆਂ ਦਾ ਮਾਲਕ ਅਤੇ ਆਗੂ ਦੇਖੀਦਾ ਹੈ॥231॥

**ਕਬਿੱਤ॥ ਠਟਤ ਭਵਾਨੀ ਕੀ ਉਪਾਸ਼ਨਾ ਪਠਤ ਬਾਨੀ, ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ।**
**ਸ਼ੁਕਲ ਬਸਨ ਮਾਲਾ ਸੁਧੀ ਦਸਤਾਰ ਦਾਢੀ, ਕਰਿ ਹੈਂ ਹਮਨ ਪਾਠ ਗ੍ਰੰਥ-ਗੁਰੂ ਜੂ ਕੇ ਹੈਂ।**
**ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈ ਸਭਿ, ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।**
**ਹੇਰੇ ਜੈਸੇ ਲੱਖਨ ਹੈਂ ਟੇਰੇ ਤੈਸੇ ਗਜਾਨ ਸਿੰਘ, ਐਸੇ ਪਰਸਿੱਧ ਹੀ ਅਬਿਧ ਸਿੱਖ ਕੂਕੇ ਹੈਂ॥232॥**

ਕੂਕੇ ਸ਼ਕਤੀ ਦੀ ਉਪਾਸ਼ਨਾ ਕਰਦੇ ਹਨ, ਬਾਣੀ ਪੜ੍ਹਦੇ ਹਨ ਕਰਦੇ ਤੇ ਇਕ ਰਸ ਚੌਅੱਖਰਾ ਜਾਪ ਕਰਦੇ ਹਨ। ਚਿੱਟੇ ਬਸਤ੍ਰ, ਚਿੱਟੀ ਮਾਲਾ, ਸਿਧੀ ਦਸਤਾਰ, ਗੁਰਮੁਖੀ ਦਾੜ੍ਹਾ ਰੱਖਦੇ ਹਨ, ਹਵਨ ਯੱਗ ਤੇ ਗੁਰੂ ਜੀ ਦੇ ਗ੍ਰੰਥ ਸਾਹਿਬ ਦੇ ਪਾਠ ਕਰਦੇ ਹਨ। ਇਹ ਸਭ ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਸਿਦਕੀ ਸਿਖ ਹਨ, ਰਾਜ ਭਾਗ ਲੈਣ ਦੀ ਸੁੰਦਰ ਤੇ ਦ੍ਰਿੜ ਇੱਛਾ ਰੱਖਦੇ ਹਨ। ਗਿਆਨ ਸਿੰਘ ਜੀ ਕਹਿੰਦੇ ਹਨ ਕਿ ਜਿਹੋ ਜਿਹੀਆਂ ਵਿਸ਼ੇਸ਼ਤਾਵਾਂ ਮੈਂ ਦੇਖੀਆਂ ਹਨ, ਉਵੇਂ ਹੀ ਕਹੀਆਂ ਹਨ, ਇਸ ਤਰ੍ਹਾਂ ਦੇ ਅਨਿੰਨ ਅਤੇ ਮਸ਼ਹੂਰ ਸਿੱਖ ਹਨ ਕੂਕੇ॥232॥

**ਕਬਿੱਤ॥ ਨਿਰਮਲੇ ਨਿਹੰਗ ਕੂਕੇ ਤੀਨ ਗੁਨ ਮੈਂ ਅਚੂਕੇ, ਗਾਏ ਭੇਦ ਤਿਨ ਹੂੰ ਕੇ ਸਿੰਘ ਨਾਮਵਾਰੇ ਹੈ।**
**ਔਰ ਜੇ ਬਿਹੰਗਮ ਬਹੀਰੀਏ ਕਹਾਤ, ਕਾਰਬਾਰ ਸੈਂ ਅਜਾਤ ਮਾਂਗ ਖਾਤ ਜਗ ਸਾਰੇ ਹੈਂ।**
**ਬਿਦਜਾ ਵਿਰਾਗ ਤੈ ਬਿਬੇਕ ਸਤਿਸੰਗ ਹੀਨ, ਬਾਨੀ ਗੁਰੁ ਪਠਤ ਪੈ ਸਾਰ ਨਾ ਵਿਚਾਰੇ ਹੈਂ।**
**ਧਨ ਧਾਮ ਤੀਆ-ਹੀਨ ਭੰਗ ਪੀਨ ਹੀ ਕੇ ਮੀਨ, ਚੀਨਿ ਸਿੰਘ ਕੀਨ ਸੋ ਬਹੀਰੀਏ ਉਚਾਰੇ ਹੈਂ ॥233॥**

ਨਿਰਮਲੇ, ਨਿਹੰਗ ਅਤੇ ਨਾਮਧਾਰੀ ਚੰਗੇ ਗੁਣਾਂ ਕਰਕੇ ਸਫਲ ਪੰਥ ਹਨ। ਸਿੰਘ ਨਾਮ ਵਾਲੇ ਇਨ੍ਹਾਂ ਤਿੰਨਾਂ ਪੰਥਾਂ ਦੇ ਮੈਂ ਗੁਹਜ ਭੇਤ ਦੱਸੇ ਹਨ। ਹੋਰ ਜੋ ਵਹੀਰੀਏ ਬਿਹੰਗਮ ਅਖਵਾਉਂਦੇ ਹਨ, ਸੰਸਾਰਿਕ ਕੰਮਾਂ ਕਾਰਾਂ ਤੋਂ ਅਨਜਾਣ ਸਾਰੇ ਜਗਤ ਤੋਂ ਮੰਗ ਮੰਗ ਕੇ ਖਾਂਦੇ ਹਨ। ਵਿਦਿਆ, ਵੈਰਾਗ, ਬ੍ਰਹਮ ਗਿਆਨ ਅਤੇ ਸਤਿਸੰਗ ਤੋਂ ਵਿਹੂਣੇ ਇਹ ਲੋਕ ਗੁਰਬਾਣੀ ਪੜ੍ਹਦੇ ਤਾਂ ਹਨ ਪਰ ਸਾਰ-ਤੱਤ ਦੀ ਵੀਚਾਰ ਨਹੀਂ ਕਰਦੇ। ਧਨ, ਘਰ ਅਤੇ ਇਸਤ੍ਰੀ ਵਿਹੂਣੇ ਇਹ ਸਾਧੂ ਭੰਗ ਪੀਣ ਵਿਚ ਪਾਣੀ ਮੱਛਲੀ ਵਾਲੀ ਪ੍ਰੀਤ ਰੱਖਦੇ ਹਨ। ਇਹਨਾਂ ਨੂੰ ਵੇਖ ਕੇ ਲੋਕ ਏਨਾਂ ਨੂੰ ਵਹੀਰੀਏ ਉਚਾਰਦੇ ਹਨ॥233॥

# ਧਰਮ ਦੀ ਯਾਤ੍ਰਾ : ਸਨਾਤਨ ਤੋਂ ਸਿੱਖੀ ਤੱਕ

✍- -ਡਾ. ਜੈ ਇੰਦਰ ਪਾਲ ਸਿੰਘ ਮੰਡੀ ਹਿਮਾਚਲ

1,10,000 ਸਾਲ ਪਹਿਲੋਂ ਅਰੰਭ ਹੋਇਆ ਹਿਮ ਯੁਗ ਤਕਰੀਬਨ 10,000 ਸਾਲ ਪਹਿਲੋਂ ਖਤਮ ਹੋਇਆ। ਧਰਤੀ ਤੇ ਜੰਮੀ ਕਈ ਸੌ ਮੀਟਰ ਬਰਫ ਪੰਘਰਦੀ ਗਈ ਤੇ ਹਿਮਾਲਿਆ ਤੋਂ ਕਈ ਨਦੀਆਂ ਦਾ ਜਨਮ ਹੋਇਆ। ਕਈ ਹਜਾਰ ਵਰ੍ਹੇ ਘੁਮੱਕੜ ਕਬੀਲਿਆਂ ਦੇ ਰੂਪ ਵਿਚ ਰਹਿੰਦਾ ਮਨੁੱਖ 6-7 ਹਜਾਰ ਸਾਲ ਪਹਿਲੋਂ ਨਦੀਆਂ ਦੇ ਕਿਨਾਰੇ ਪਿੰਡ-ਕਸਬੇ ਬਣਾ ਕੇ ਰਹਿਣ ਲੱਗ ਪਿਆ। ਭਾਰਤ ਵਿਚ ਮੁਢਲੀ ਸੱਭਿਅਤਾ ਹੜੱਪਾ ਤੇ ਮੋਹਿੰਜੋਦੜੋ ਦੀ ਸੀ ਜਿਹੜੀ ਸਿੰਧੂ ਨਦੀ ਤੇ ਰਾਵੀ ਨਦੀ ਦੇ ਆਲੇ ਦੁਆਲੇ ਵਿਕਸਿਤ ਹੋਈ। ਪੁਰਾਤੱਤ ਖੋਜ ਵਿਚ ਇਨ੍ਹਾਂ ਛੋਟੇ ਕਸਬਿਆਂ ਦੇ ਅਵਸ਼ੇਸ਼ ਮੇਹਰਗੜ੍ਹ, ਹੜੱਪਾ, ਮੋਹਿੰਜੋਦੜੋ, ਗਨੇਰੀਵਾਲਾ, ਰਾਖੀਗੜ੍ਹੀ, ਕਾਲੀਬੰਗਾਨ, ਰੂਪਨਗਰ ਤੇ ਲੋਥਲ ਵਿਚ ਮਿਲੇ ਹਨ। ਇਸ ਪ੍ਰਾਚੀਨ ਸੱਭਿਅਤਾ ਵਿਚ ਕਿਸੇ ਵਿਸ਼ੇਸ਼ ਧਰਮ ਨਾਲ ਜੁੜੇ ਜੈਵਿਕ ਅਵਸ਼ੇਸ਼ ਨਹੀਂ ਮਿਲੇ।

ਹਿੰਦੂ ਧਰਮ ਦਾ ਸਭ ਤੋਂ ਪਹਿਲਾ ਗ੍ਰੰਥ ਰਿਗਵੇਦ ਤਕਰੀਬਨ 3500 ਸਾਲ ਪਹਿਲੋਂ ਹੋਂਦ ਵਿਚ ਆਇਆ। ਇਸ ਤੋਂ ਬਾਦ ਦੇ ਹਜ਼ਾਰ ਸਾਲ ਵਿਚ ਯਜੁਰਵੇਦ, ਸਾਮਵੇਦ ਤੇ ਅਥਰਵਵੇਦ ਦੀ ਰਚਨਾ ਹੋਈ ਮੰਨੀ ਗਈ ਹੈ। ਮੁਢਲੇ ਇੰਡੋ-ਆਰੀਅਨ ਲੋਕਾਂ ਦੀਆਂ ਧਾਰਮਿਕ ਰੀਤਾਂ, ਜਿਨ੍ਹਾਂ ਨੂੰ ਵੈਦਿਕ ਧਰਮ (ਅੱਜ ਤੋਂ 3500 ਸਾਲ ਪਹਿਲੋਂ ਤੋਂ 2500 ਸਾਲ ਪਹਿਲੋਂ ਤਕ) ਕਿਹਾ ਜਾਂਦਾ ਸੀ, ਨੂੰ ਵੇਦਾਂ ਦੇ ਰੂਪ ਵਿਚ ਲਿਖ ਦਿਤਾ ਗਿਆ। ਅੱਜ ਤੋਂ ਤਕਰੀਬਨ 3000 ਜਾਂ 2500 ਸਾਲ ਪਹਿਲੇ ਉਪਨਿਸ਼ਦ ਯਾ ਵੇਦਾਂਤਕ ਯੁਗ ਦਾ ਅਰੰਭ ਮੰਨਿਆ ਗਿਆ ਹੈ। ਇਸ ਯੁਗ ਵਿਚ ਹੀ ਉਪਨਿਸ਼ਦ, ਸੰਸਕ੍ਰਿਤ ਦੇ ਮਹਾਕਾਵਯ ਤੇ ਪੁਰਾਣ ਵੀ ਹੋਂਦ ਵਿਚ ਆਏ। ਇਹ ਹਿੰਦੂ (ਸਨਾਤਨ ਧਰਮ) ਦਾ ਮੁਢਲਾ ਸਮਾ ਹੈ। ਅੱਜ ਦੇ ਹਿੰਦੂ ਧਰਮ ਦੀ ਸਾਰੀ ਪਰੰਪਰਾ ਇਸ ਸਮੇ ਲਿਖੀਆਂ ਧਾਰਮਿਕ ਪੁਸਤਕਾਂ ਤੇ ਹੀ ਅਧਾਰਿਤ ਹੈ। ਵੇਦ, ਉਪਨਿਸ਼ਦ, ਪੁਰਾਣ, ਮਨੂ ਸੰਹਿਤਾ (ਮਨੂ ਧਰਮ ਸ਼ਾਸਤਰ) ਤੇ ਅਧਾਰਿਤ ਇਹ ਸਾਰਾ ਗਿਆਨ ਸਨਾਤਨ ਧਰਮ ਦੀਆਂ 6 ਵਖੋ-ਵੱਖਰੀਆਂ ਧਾਰਮਿਕ ਪੂਜਾ ਪੱਧਤੀਆਂ ਦੇ ਰੂਪ ਵਿਚ ਵਿਕਸਿਤ ਹੋਇਆ। ਗੁਰੂ ਨਾਨਕ ਦੇਵ ਜੀ ਦੀ ਰਚੀ ਬਾਣੀ ਵਿਚ ਇਨ੍ਹਾਂ ਛੇ ਪਰੰਪਰਾਵਾਂ ਦਾ ਜ਼ਿਕਰ ਆਉਂਦਾ ਹੈ।

ਛਿਅ ਘਰ ਛਿਅ ਗੁਰ ਛਿਅ ਉਪਦੇਸ ॥
ਗੁਰੁ ਗੁਰੁ ਏਕੋ ਵੇਸ ਅਨੇਕ ॥1॥

(ਰਾਗ ਆਸਾ ਅੰਗ 12)

ਹਿੰਦੂ ਯਾ ਸਨਾਤਨ ਧਰਮ ਦਾ ਸਾਰਾ ਫ਼ਲਸਫ਼ਾ 6 ਸ਼ਾਸਤਰਾਂ ਤੇ ਅਧਾਰਿਤ ਹੈ। ਇਹਨਾਂ ਸ਼ਾਸਤਰਾਂ ਦੇ ਰਚਨਾਕਾਰ 6 ਰਿਸ਼ੀ ਹਨ। ਇਹ ਛੇ ਸ਼ਾਸਤਰ ਹਨ: ਸਾਂਖਯ (सांख्य), ਯੋਗ, ਨਿਯਾਇ ਜਾਂ ਤਰਕ (न्याय), ਵੈਸ਼ੇਸ਼ਿਕ (वैशेषिक), ਮੀਮਾਂਸਾ ਅਤੇ ਵੇਦਾਂਤ। ਇਹਨਾਂ ਦੇ ਰਚਨਹਾਰ ਰਿਸ਼ੀ ਹਨ , ਕਪਿਲ, ਪਤੰਜਲੀ, ਗੌਤਮ, ਕਣਾਦ, ਜੈਮਿਨੀ ਤੇ ਵਿਆਸ। ਇਹ 6 ਆਸਤਿਕ ਵਿਚਾਰਧਾਰਾਵਾਂ ਅਕਾਲਪੁਰਖ ਦੀ ਹੋਂਦ ਵੱਖਰੇ-ਵੱਖਰੇ ਸਰੂਪ ਵਿਚ ਮੰਨਦੀਆਂ ਨੇ ਤੇ ਇਹਨਾਂ ਦੇ ਸੁਝਾਏ ਮੋਕਸ਼ ਦੇ ਰਸਤੇ ਵੀ ਵੱਖਰੇ-ਵੱਖਰੇ ਹਨ । ਇਹਨਾਂ ਤੋਂ ਅਲੱਗ 4 ਨਾਸਤਿਕ ਵਿਚਾਰਧਾਰਾਵਾਂ, ਬੁੱਧਮਤ, ਜੈਨਮਤ, ਚਾਰਵਾਕ ਤੇ ਅਜੀਵਿਕ ਹਨ। ਇਹਨਾਂ ਨੂੰ ਵੀ ਹਿੰਦੂ ਧਰਮ ਦਾ ਹਿੱਸਾ ਹੀ ਮੰਨਿਆ ਗਿਆ ਹੈ।

ਇੱਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸਤਿਗੁਰੂ ਜੀ ਨੇ ਇਨ੍ਹਾਂ ਗ੍ਰੰਥਾਂ ਦੀ ਹੋਂਦ ਮੰਨਦੇ ਹੋਏ ਵੀ ਇਹਨਾਂ ਦੀ ਮੂਲਭੂਤ ਵਿਚਾਰਧਾਰਾ ਨੂੰ ਸਵੀਕਾਰ ਨਹੀਂ ਕੀਤਾ।

ਰੋਗੀ ਖਟ ਦਰਸਨ ਭੇਖਧਾਰੀ ਨਾਨਾ ਹਠੀ ਅਨੇਕਾ ॥
ਬੇਦ ਕਤੇਬ ਕਰਹਿ ਕਹ ਬਪੁਰੇ ਨਹ ਬੂਝਹਿ ਇਕ ਏਕਾ ॥6॥

(ਰਾਗ ਭੈਰਉ ਅੰਗ 1153)

ਉਸ ਸਮੇ ਧਰਮ ਦੇ ਸਾਰੇ ਕਾਰਜ, ਸਾਰੀਆਂ ਧਾਰਮਿਕ ਰੀਤਾਂ, ਬ੍ਰਾਹਮਣ ਦੇ ਅਧੀਨ ਸਨ। ਸੰਤਾਨ, ਧਨ, ਸੋਭਾ, ਰੋਗਾਂ ਤੋਂ ਛੁਟਕਾਰਾ, ਲੰਬੀ ਉਮਰ ਯਾ ਮੁਕਤੀ, ਮੋਕਸ਼ ਅਤੇ ਈਸ਼ਵਰ ਪ੍ਰਾਪਤੀ ਦਾ ਬਹੁਤਾ ਕਰਮ-ਕਾਂਡ ਬ੍ਰਾਹਮਣ ਦੁਆਰਾ ਦੱਸੇ ਹਵਨ, ਯੱਗ , ਵਰਤ, ਉਪਾਸਨਾ, ਤੀਰਥ ਯਾ ਪਸ਼ੂ ਬਲੀ ਤੇ ਅਧਾਰਿਤ ਸੀ। ਸਾਰੀ ਲੋਕਾਈ ਚਾਰ ਵਰਣਾਂ ਵਿਚ ਵੰਡੀ ਹੋਈ ਸੀ। ਸੁਵਰਣ ਯਾ ਉੱਚੀ

ਜਾਤ ਵਾਲੇ ਨੀਵੀਂ ਜਾਤ ਅਰਥਾਤ ਸ਼ੂਦਰਾਂ ਯਾ ਹੱਥ ਦਾ ਕੰਮ ਕਰਨ ਵਾਲਿਆਂ ਨੂੰ ਧਾਰਮਿਕ ਯਾ ਸਮਾਜਿਕ ਨਿਆਂ, ਮੁਕਤੀ, ਮੋਕਸ਼ ਤੇ ਈਸ਼ਵਰ ਪ੍ਰਾਪਤੀ ਦਾ ਹੱਕਦਾਰ ਨਹੀਂ ਮੰਨਦੇ ਸਨ। ਇਹ ਵੀ ਸੱਚ ਹੈ ਕਿ ਰਿਸ਼ੀ ਵਿਆਸ ਨੇ ਵੇਦਾਂਤ ਦੀ ਅਦਵੈਤ ਧਾਰਾ ਦਾ ਸਿਧਾਂਤ ਅਰਥਾਤ ਈਸ਼ਵਰ ਤੇ ਉਸ ਦੀ ਸ੍ਰਿਸ਼ਟੀ ਦੋ ਨਹੀਂ ਇਕ ਹੀ ਹੈ, ਲੋਕਾਂ ਵਿਚ ਪ੍ਰਚਲਿਤ ਕਰਨ ਦਾ ਉਪਰਾਲਾ ਕੀਤਾ ਪਰ ਇਸ ਨੂੰ ਬਹੁਤੀ ਮਾਨਤਾ ਨਹੀਂ ਮਿਲੀ। ਇਸ ਵਿਚਾਰ ਤੋਂ ਪਹਿਲੋਂ ਵਾਲੀ ਸੋਚ ਵਿਚ ਈਸ਼ਵਰ ਸ੍ਰਿਸ਼ਟੀ ਤੋਂ ਵੱਖਰਾ ਅਤੇ ਕਿਸੇ ਬ੍ਰਮ੍ਹਲੋਕ ਵਿਚ ਨਿਵਾਸ ਕਰਦਾ ਸੀ। ਇਸ ਵਿਚਾਰ ਨੂੰ ਹਿੰਦੂ ਧਰਮ ਦੀ ਬਹੁਗਿਣਤੀ ਮੰਨਦੀ ਸੀ ਤੇ ਅੱਜ ਵੀ ਮੰਨਦੀ ਹੈ।

ਉਪਨਿਸ਼ਦ ਦਾਰਸ਼ਨਿਕ ਬਿਰਤਾਂਤ ਹਨ ਜਿਨ੍ਹਾਂ ਨੂੰ ਹਿੰਦੂ ਧਰਮ ਦਾ ਮੁਢਲਾ ਸਰੋਤ ਮੰਨਿਆ ਜਾਂਦਾ ਹੈ। 200 ਤੋਂ ਵੱਧ ਉਪਨਿਸ਼ਦਾਂ ਵਿਚੋਂ ਸਭ ਤੋਂ ਮਹੱਤਵਪੂਰਣ ਹਨ ਬ੍ਰਿਹਦਾਰਨਯਕ, ਜੈਮਿਨੀਯ, ਚਾਂਦੋਗਯ ਜੋ ਮਹਾਤਮਾ ਬੁਧ ਤੋਂ ਪਹਿਲੋਂ ਅੱਜ ਤੋਂ 2500 ਸਾਲ ਪਹਿਲੋਂ ਲਿਖੇ ਗਏ ਅਤੇ ਤੈਤੀਰੀਯ, ਐਤਰੇਯ ਤੇ ਕੌਸ਼ਿਕੀ ਉਪਨਿਸ਼ਦ ਜੋ ਉਸ ਤੋਂ ਬਾਅਦ ਲਿਖੇ ਗਏ, ਕਿਓਂਕਿ ਇਨ੍ਹਾ ਉਤੇ ਮਹਾਤਮਾ ਬੁਧ ਦੇ ਸਿਧਾਂਤ ਦਾ ਕੁਝ ਪ੍ਰਭਾਵ ਹੈ। ਪੁਰਾਣ (18) ਅਰਥਾਤ 'ਪ੍ਰਾਚੀਨ ਸਮੇਂ ਦਾ' ਮਹੱਤਵਪੂਰਣ ਹਿੰਦੂ, ਜੈਨ ਅਤੇ ਬੋਧੀ ਧਾਰਮਿਕ ਗ੍ਰੰਥਾਂ ਦੀ ਇੱਕ ਲੜੀ ਹੈ, ਜਿਸ ਵਿੱਚ ਸ੍ਰਿਸ਼ਟੀ ਤੋਂ ਲੈ ਕੇ ਵਿਨਾਸ਼ ਤੱਕ ਦੇ ਬ੍ਰਹਿਮੰਡ ਦੇ ਇਤਿਹਾਸ ਦੀਆਂ ਕਹਾਣੀਆਂ, ਰਾਜਿਆਂ, ਨਾਇਕਾਂ, ਸੰਤਾਂ ਅਤੇ ਉਪ-ਜਾਤੀਆਂ ਦੀ ਬੰਸਾਵਲੀ ਅਤੇ ਇਸਦੇ ਵੇਰਵੇ ਹਨ।

ਵੈਦਿਕ ਧਰਮ ਦੀਆਂ ਰਸਮਾਂ ਦਾ ਨਿਯਮ ਸਖ਼ਤ ਸੀ ਜਿੱਥੇ ਰਾਜੇ, ਕੁਲੀਨ ਅਤੇ ਅਮੀਰ ਵਪਾਰੀ ਯੋਗਦਾਨ ਪਾਉਂਦੇ ਸਨ ਕਿਉਂਕਿ ਅਜਿਹੀ ਪੂਜਾ ਦੇ ਆਯੋਜਨ ਲਈ ਬਹੁਤ ਜ਼ਿਆਦਾ ਖਰਚਾ ਅਤੇ ਸਮੇਂ ਦੀ ਜ਼ਰੂਰਤ ਹੁੰਦੀ ਸੀ। ਇਸ ਸਮੇ ਰਿਸ਼ੀ ਮਨੂ ਦਾ ਰਚਿਆ ਧਰਮ ਸ਼ਾਸਤਰ (ਮਨੂ ਸੰਹਿਤਾ) ਸਮਾਜ ਤੇ ਲਾਗੂ ਸੀ ਤੇ ਇਸ ਵਿਚ ਦਿੱਤੀ 'ਵਰਣ ਵਿਵਸਥਾ' ਅਨੁਸਾਰ ਮਨੁੱਖਾਂ ਨੂ ਚਾਰ ਵਰਣਾਂ ਵਿਚ ਵੰਡਿਆ ਗਿਆ ਸੀ। ਸ਼ੂਦਰ ਕੋਲ ਕੋਈ ਧਾਰਿਮਕ ਅਧਿਕਾਰ ਨਹੀਂ ਸੀ। ਉਸ ਨਾਲ ਬਹੁਤ ਪੱਖਪਾਤ ਕੀਤਾ ਜਾਂਦਾ ਸੀ ਤੇ ਉਸਦੀ ਹੈਸੀਅਤ ਇਕ ਗੁਲਾਮ ਵਰਗੀ ਸੀ। ਬ੍ਰਾਹਮਣ ਦੁਆਰਾ ਕਰਾਈ ਜਾਣ ਵਾਲੀ ਪੂਜਾ ਦਾ ਮੁਖ ਅੰਗ ਅੱਗ, ਸੂਰਜ ਅਤੇ ਨਦੀਆਂ ਇਤਿਆਦਿਕ ਤੱਤਾਂ, ਇੰਦਰ ਵਰਗੇ ਸੂਰਬੀਰਾਂ ਦੀ ਪੂਜਾ ਅਤੇ ਬਲੀਆਂ ਚੜ੍ਹਾਉਣੀਆਂ ਸਨ। ਵੈਦਿਕ ਸਮੇਂ ਵਿਚ ਯੱਗ ਵਿਚ ਆਮ ਤੌਰ ਤੇ ਦੁੱਧ, ਘਿਓ, ਦਹੀਂ, ਅਨਾਜ ਅਤੇ ਸੋਮਾ ਦੇ ਪੌਦੇ ਦੇ ਰਸ ਦੀ ਭੇਂਟ ਸ਼ਾਮਲ ਹੁੰਦੀ ਸੀ। ਕਦੀ ਕਦੀ ਪਸ਼ੂ ਦੀ ਬਲੀ ਵੀ ਦਿੱਤੀ ਜਾਂਦੀ ਸੀ। ਇਹਨਾਂ ਵਿਚੋਂ ਬਹੁਤ ਰਸਮਾਂ ਅੱਜ ਦੇ ਹਿੰਦੂ ਸਮਾਜ ਵਿਚ ਵੀ ਪ੍ਰਚੱਲਤ ਨੇ।

ਤਕਰੀਬਨ 2500 ਸਾਲ ਪਹਿਲੋਂ ਜੈਨ ਤੀਰਥੰਕਰ ਮਹਾਵੀਰ ਤੇ ਫਿਰ ਮਹਾਤਮਾ ਬੁੱਧ ਨੇ ਇਨ੍ਹਾਂ ਵੈਦਿਕ ਰਸਮਾਂ, ਪਸ਼ੂ ਬਲੀ, ਮੰਤਰਾਂ ਦਾ ਉੱਚਾਰਣ, ਜਾਤ-ਪਾਤ, ਦੇਵੀ ਦੇਵਤਿਆਂ ਤੇ ਮੂਰਤੀਆਂ ਦੀ ਪੂਜਾ ਅਤੇ ਬ੍ਰਾਹਮਣ ਦੀ ਅਧੀਨਤਾ ਨੂੰ ਖਤਮ ਕਰਨ ਦਾ ਉਪਦੇਸ਼ ਦਿੱਤਾ। ਉਸ ਸਮੇ ਦੇ ਰਾਜੇ ਤੇ ਉਹਨਾਂ ਦੀ ਪ੍ਰਜਾ ਨੇ ਬੁੱਧ ਧਰਮ ਸਵੀਕਾਰ ਕਰ ਲਿਆ ਸੀ। ਜੈਨ ਤੇ ਬੁੱਧ ਧਰਮ ਸ਼੍ਰਮਣ ਵਿਚਾਰਧਾਰਾ ਦੇ ਹਾਮੀ ਹਨ, ਜਿਸ ਵਿਚ ਅਹਿੰਸਾ, ਤਿਆਗ ਤੇ ਨਿਰਵਾਣ ਜੀਵਨ ਦਾ ਮੁਖ ਉਦੇਸ਼ ਹਨ। ਜੈਨ ਤੇ ਬੁੱਧ ਧਰਮ ਵਿਚ ਨਰਕ, ਸ੍ਵਰਗ, ਪੁਨਰਜਨਮ ਯਾ ਈਸ਼ਵਰ ਦਾ ਕੋਈ ਮਹੱਤਵ ਨਹੀਂ। ਜੈਨ ਤੇ ਬੁੱਧ ਧਰਮ ਨੂੰ ਨਾਸਤਿਕ ਧਰਮ ਹੀ ਮੰਨਿਆ ਜਾਂਦਾ ਹੈ। ਪੂਰੇ ਭਾਰਤ ਵਿਚ ਬੁੱਧ ਧਰਮ ਦੀ ਮਾਨਤਾ ਕਈ ਸੌ ਸਾਲ ਤੱਕ ਰਹੀ। ਅੱਜ ਵੀ ਦੁਨੀਆ ਦੀ ਅਬਾਦੀ ਦਾ 7 % ਬੁੱਧ ਧਰਮ ਨੂੰ ਮੰਨਦਾ ਹੈ।

ਇਸੇ ਕਾਲਖੰਡ ਵਿਚ ਰਿਸ਼ੀ ਵਿਆਸ ਨੇ ਬ੍ਰਮ੍ਹ-ਸੂਤ੍ਰ ਦੀ ਰਚਨਾ ਕੀਤੀ ਜਿਹੜਾ ਉਪਨਿਸ਼ਦ ਤੇ ਅਧਾਰਿਤ ਸੀ। ਉਸ ਨੇ ਅਦ੍ਵੈਤ ਦੀ ਵਿਚਾਰਧਾਰਾ ਨੂੰ ਅੱਗੇ ਰੱਖਿਆ। ਇਸ ਵਿਚ ਉਸ ਇਕ ਈਸ਼ਵਰ ਦਾ ਵਿਚਾਰ ਸੀ ਜਿਹੜਾ , ਸ੍ਵਯੰਭੂ ਹੈ, ਸ੍ਰਿਸ਼ਟੀ ਦੇ ਆਰੰਭ ਤੋਂ ਹੈ, ਸਰਵ-ਸ਼ਕਤੀਮਾਨ ਹੈ ਤੇ ਜਿਸਦੀ ਜੋਤ ਉਸਦੀ ਸ੍ਰਿਸ਼ਟੀ ਵਿਚ ਪ੍ਰਫੁੱਲਤ ਹੈ।

ਦੂਜੀ ਸ਼ਤਾਬਦੀ (ਅੱਜ ਤੋਂ 1800 ਸਾਲ ਪਹਿਲੇ) ਆਉਂਦੇ ਤਕ ਸਮਾਜ ਉੱਤੇ ਵੈਦਿਕ ਬ੍ਰਾਹਮਣ-ਵਾਦ ਦਾ ਸ਼ਿਕੰਜਾ ਕੁਝ ਢਿੱਲਾ ਪੈ ਗਿਆ ਸੀ। ਹਿੰਦੂ ਧਰਮ ਦੇ ਦੋ ਪ੍ਰਮੁੱਖ ਗ੍ਰੰਥ ਰਾਮਾਯਣ ਤੇ ਮਹਾਭਾਰਤ ਲਿਖਤ ਰੂਪ ਵਿਚ ਲੋਕਾਂ ਦੇ ਹੱਥਾਂ ਵਿਚ ਆ ਗਏ ਸਨ। ਉਸ ਸਮੇ ਲੋਕ ਵਿਸ਼ੇਸ਼ ਤੌਰ ਤੇ ਗਣੇਸ਼, ਸ਼ਿਵ, ਵਿਸ਼ਨੂੰ, ਦੇਵੀ ਤੇ ਸੂਰਜ ਦੀ ਪੂਜਾ ਕਰਦੇ ਸਨ। ਸਮਾਂ ਬੀਤਣ ਨਾਲ ਇਨ੍ਹਾਂ ਪੂਜਾ ਕਰਨ ਵਾਲਿਆਂ ਵਿਚ ਵੱਖਰੇਵਾਂ ਵੀ ਪੈ ਗਿਆ। ਰਾਜਾ ਆਪਣੇ ਆਪ ਨੂੰ ਸੂਰਜਵੰਸ਼ੀ ਅਖਵਾਉਣ ਲੱਗ ਪਿਆ। ਇਹਨਾਂ ਵਿਚੋਂ ਕਿਸੇ ਇਕ ਦੀ ਪੂਜਾ ਕਰਨ ਵਾਲੇ ਦੂਜੇ ਦੇਵਤਿਆਂ ਦਾ ਸਤਿਕਾਰ ਤੇ ਕਰਦੇ ਸਨ ਪਰ ਆਪਣੀ ਬਹੁਤੀ ਸ਼ਰਧਾ ਇਕ ਉੱਤੇ ਹੀ ਰੱਖਦੇ ਸਨ। ਅੱਜ ਵੀ ਅਸੀਂ ਸਨਾਤਨ ਧਰਮ ਦੇ

ਇਸ ਵਿਤਕਰੇ ਨੂੰ ਵੇਖ ਸਕਦੇ ਹਾਂ। ਉੱਤਰ ਭਾਰਤ ਵਿਚ ਯਾ ਤਾਂ ਸ਼ਿਵਜੀ ਦੇ ਭਗਤ ਹਨ ਯਾ ਦੇਵੀ ਦੇ, ਮੱਧ ਤੇ ਦੱਖਣ ਭਾਰਤ ਵਿਚ ਵਿਸ਼ਨੂੰ, ਪੂਰਬ (ਕਲਕੱਤੇ) ਵਿਚ ਦੇਵੀ ਤੇ ਪੱਛਮ (ਮਹਾਰਾਸ਼ਟਰ) ਵਿਚ ਗਣੇਸ਼ ਦੀ ਮਾਨਤਾ ਦੂਜੇ ਦੇਵੀ-ਦੇਵਤਿਆਂ ਨਾਲੋਂ ਵੱਧ ਹੈ। ਸਨਾਤਨ ਧਰਮ ਦਾ ਬਹੁਤਾ ਹਿੱਸਾ ਕਰਮ-ਕਾਂਡ ਤੇ ਅਧਾਰਿਤ ਹੈ ਤੇ ਭਾਰਤੀ ਸਮਾਜ ਦੇ ਵੱਡੇ ਹਿੱਸੇ ਦੀ ਨਿਰਭਰਤਾ ਅੱਜ ਤਕ ਬ੍ਰਾਹਮਣ ਦੇ ਦੱਸੇ ਇਸ ਵਿਚਾਰ ਤੇ ਹੀ ਚਲਦੀ ਰਹੀ ਹੈ।

ਅਠਵੀਂ ਸਦੀ ਵਿਚ ਕੇਰਲ ਵਿਚ ਜੰਮੇ ਇਕ ਬੁੱਧੀਜੀਵੀ ਸੰਤ ਸ਼ੰਕਰ (ਆਦਿ ਸ਼ੰਕਰਾਚਾਰੀਆ) ਨੇ ਰਿਸ਼ੀ ਵਿਆਸ ਦੇ ਅਦ੍ਵੈਤ ਵੇਦਾਂਤ ਤੇ ਅਧਾਰਿਤ ਅਤੇ ਯੋਗ ਨਾਲ ਪ੍ਰਾਪਤ ਕੀਤੀ ਮਨ ਦੀ ਸ਼ੁੱਧਤਾ ਅਤੇ ਸਥਿਰਤਾ ਨੂੰ ਮੋਕਸ਼ ਗਿਆਨ ਦੀ ਪ੍ਰਾਪਤੀ ਲਈ ਸਹਾਇਕ ਮੰਨਿਆ। ਉਸ ਦੇ ਮੁਤਾਬਿਕ ਸ਼ਾਸਤਰਾਂ ਤੇ ਅਧਾਰਿਤ ਯੁਕਤੀ ਤੇ ਅਨੁਭਵ ਗਿਆਨ ਤੇ ਅਧਾਰਿਤ ਕਰਮ ਕਰ ਕੇ ਵਿਅਕਤੀ ਜੀਵਨ ਮੁਕਤ ਹੋ ਸਕਦਾ ਹੈ। ਉਸਨੇ ਸਾਰੇ ਭਾਰਤ ਵਿਚ ਫਿਰ ਕੇ ਲੋਕਾਂ ਨੂੰ ਅਡੰਬਰਪੂਰਣ ਕਰਮ-ਕਾਂਡ ਨੂੰ ਛੱਡਣ ਦੀ ਪ੍ਰੇਰਨਾ ਦਿੱਤੀ। ਭਾਰਤ ਦੇ ਬਹੁਤ ਥੋੜੇ ਲੋਕਾਂ ਨੇ ਇਸ ਵਿਚਾਰ ਨੂੰ ਸਵਿਕਾਰ ਕੀਤਾ। ਇਸ ਦਾ ਮੁਖ ਕਾਰਣ ਸੀ ਸਮਾਜ ਉੱਤੇ ਬ੍ਰਾਹਮਣ ਦੀ ਜਕੜ। ਜਿਹੜਾ ਸਮਾਜ ਸਾਰੇ ਮਨੁਖਾਂ ਨੂੰ ਇਕ ਬਰਾਬਰ ਨਹੀਂ ਸੀ ਸਮਝਦਾ ਉਹ ਈਸ਼ਵਰ ਤੇ ਉਸਦੀ ਸ੍ਰਿਸ਼ਟੀ ਨੂੰ ਇੱਕ ਕਿਵੇਂ ਮੰਨ ਸਕਦਾ ਸੀ। ਜਿਹੜਾ ਹਿੰਦੂ ਸਮਾਜ ਚਾਰ ਵਰਣਾਂ ਵਿਚ ਬੜੀ ਸਖ਼ਤੀ ਨਾਲ ਵੰਡਿਆ ਹੋਇਆ ਸੀ ਉਹ ਕਿਵੇਂ ਮੰਨ ਸਕਦਾ ਸੀ ਕਿ ਈਸ਼ਵਰ ਸਾਰੇ ਮਨੁੱਖਾਂ ਵਿਚ ਇਕ ਸਮਾਨ ਮੌਜੂਦ ਹੈ।

ਕੁਝ ਸਦੀਆਂ ਲੰਘਣ ਤੋਂ ਬਾਦ 1469 ਵਿਚ ਗੁਰੂ ਨਾਨਕ ਦੇਵ ਜੀ ਨੇ ਉੱਤਰ ਭਾਰਤ ਵਿਚ ਜਨਮ ਲਿਆ। ਸਤਿਗੁਰੂ ਜੀ ਨੇ ਆਪਣੀ ਅੰਤਰਦ੍ਰਿਸ਼ਟੀ ਅਤੇ ਆਪਣੇ ਸਮਕਾਲੀਨ ਸੰਤਾਂ, ਵਿਦਵਾਨਾ ਨਾਲ ਵਿਚਾਰ-ਵਟਾਂਦਰਾ(ਗੋਸ਼ਟ) ਕਰ ਕੇ ਇਕ ਵਿਲੱਖਣ ਵਿਚਾਰ ਨੂੰ ਲੋਕਾਈ ਦੇ ਸਾਹਮਣੇ ਰੱਖਿਆ। ਉਹਨਾਂ ਨੇ ਪਹਿਲੋਂ ਤੋਂ ਆ ਰਹੇ ਅਦ੍ਵੈਤ ਵੇਦਾਂਤ ਤੋਂ ਵੀ ਅੱਗੇ ਲੰਘ ਕੇ ਇਕ ਅਤਿ ਉੱਤਮ ਧਾਰਮਿਕ ਫ਼ਲਸਫ਼ਾ ਪੇਸ਼ ਕੀਤਾ। ਉਸ ਸਮੇ ਤਕ ਇਹ ਵਿਚਾਰ ਸੀ ਕਿ ਸਿਰਫ ਪਰਮਾਤਮਾ ਹੀ ਸਚ ਹੈ ਬਾਕੀ ਸਭ ਪਰਮਾਤਮਾ ਦੀ ਰਚੀ ਮਾਇਆ ਹੈ ਅਤੇ ਇਸ ਮਾਇਆ ਰੂਪੀ ਸੰਸਾਰ ਤੋਂ ਪਰਮਾਤਮਾ ਵੱਖ ਹੈ।

ਗੁਰੂ ਨਾਨਕ ਦੇਵ ਜੀ ਦਾ ਸਿਧਾਂਤ ਇਸ ਤੋਂ ਵੱਖਰਾ ਹੈ। ਸਤਿਗੁਰੂ ਜੀ ਨੇ ਅਕਾਲ ਪੁਰਖ ਦੀ ਰਚਨਾ ਨੂੰ ਸਿਰਫ ਮਾਇਆ ਨਹੀਂ ਮੰਨਿਆ। ਸਤਿਗੁਰੂ ਜੀ ਦੀ ਰਚੀ ਬਾਣੀ ਅਨੁਸਾਰ ਇਹ ਸ੍ਰਿਸ਼ਟੀ, ਇਹ ਸਾਰੇ ਜੀ-ਜੰਤ ਉਸ ਅਕਾਲ ਪੁਰਖ ਦਾ ਆਪਣਾ ਹੀ ਰੂਪ ਹੈ। ਗੁਰੂ ਨਾਨਕ ਦੇਵ ਜੀ ਬਾਣੀ ਦਾ ਆਰੰਭ ਇਕ ਓਅੰਕਾਰ ਤੋਂ ਕਰਦੇ ਹਨ। ਇਹ ੧ ਦਾ ਅੱਖਰ ਸਿੱਖ ਧਰਮ ਦੇ ਸਾਰੇ ਫਲਸਫੇ ਦਾ ਅਧਾਰ ਹੈ। ਇਸ ੧ ਦਾ ਅਰਥ ਹੈ, ਸੰਪੂਰਨ ਸ੍ਰਿਸ਼ਟੀ ਇਕ ਅਕਾਲ ਪੁਰਖ ਦਾ ਹੀ ਪਸਾਰਾ ਹੈ, ਕੋਈ ਹੋਰ ਦੂਜਾ ਕਿਧਰੇ ਵੀ ਨਹੀਂ। ਇਹ ਇਕ ਅਦਭੁਤ ਵਿਚਾਰ ਹੈ। ਅੱਜ ਦੇ ਸਾਰੇ ਅਸੂਲ ਮਾਨਵਤਾਵਾਦ, ਵਿਸ਼ਵ ਭਾਈਚਾਰਾ, ਅਹਿੰਸਾਵਾਦ, ਵਾਤਾਵਰਣ ਦੀ ਸੁਰੱਖਿਆ, ਚੱਲ-ਅਚੱਲ ਸੰਸਾਰ ਦੀ ਆਪਸ ਵਿਚ ਸਾਂਝ, ਇਹ ਸਾਰੇ ਅਸੂਲ ਇਸ ਇੱਕ ਧਾਰਮਿਕ ਫਲਸਫੇ ਤੇ ਟਿਕੇ ਹੋਏ ਨੇ। ਇਹੀ ਗੁਰੂ ਨਾਨਕ ਦੀ ਬਾਣੀ ਦੀ ਵਿਲੱਖਣਤਾ ਹੈ। ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਭਗਤਾਂ ਤੇ ਗਿਆਨਵਾਨ ਸੰਤਾਂ ਦੀ ਸਾਰੀ ਬਾਣੀ ਇਸ ਅੰਦਰ-ਬਾਹਰ, ਨੇੜੇ-ਦੂਰ ਵਸਦੇ ਇਕ ਅਕਾਲ ਪੁਰਖ ਦੇ ਆਲੇ-ਦੁਆਲੇ ਘੁੰਮਦੀ ਹੈ। ਗੁਰਬਾਣੀ ਦੇ ਬਹੁਤ ਸਾਰੇ ਸ਼ਬਦ ਤੇ ਤੁਕਾਂ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੇ ਹਨ। ਅੱਗੇ ਲਿਖੀਆਂ ਕੁਝ ਤੁਕਾਂ ਪੜ੍ਹ ਕੇ ਸਾਰੀ ਗੱਲ ਸਮਝ ਆ ਜਾਂਦੀ ਹੈ: (ਬਹੁਤੇ ਸੂਝਵਾਨ ਪਾਠਕ ਅਰਥ ਸਮਝਦੇ ਨੇ। ਸਿਰਫ ਸਹੂਲਤ ਵਾਸਤੇ ਅਰਥ ਨਾਲ ਦਿੱਤੇ ਗਏ ਹਨ)

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥

(ਅੰਗ 3)

ਅਰਥ: ਅਕਾਲ ਪੁਰਖ ਨੇ ਆਪਣੇ ਹੁਕਮ ਨਾਲ ਸਾਰੇ ਬ੍ਰਹਮੰਡ ਵਿਚ ਆਪਣਾ ਪਸਾਰਾ ਕਰ ਲਿਆ। ਉਸ ਹੁਕਮ ਨਾਲ ਹੀ ਜ਼ਿੰਦਗੀ ਦੇ ਲੱਖਾਂ ਦਰਿਆ ਬਣ ਗਏ।

ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ ॥
ਬੂਝੈ ਬ੍ਰਹਮੁ ਅੰਤਰਿ ਬਿਬੇਕੁ ॥4॥
ਆਚਾਰੀ ਨਹੀ ਜੀਤਿਆ ਜਾਇ ॥
ਪਾਠ ਪੜੈ ਨਹੀ ਕੀਮਤਿ ਪਾਇ ॥
ਅਸਟ ਦਸੀ ਚਹੁ ਭੇਦੁ ਨ ਪਾਇਆ ॥
ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ॥5॥20॥

(ਅੰਗ 355)

ਅਰਥ: ਜੋ ਮਨੁੱਖ ਇਕ ਪਰਮਾਤਮਾ ਨਾਲ ਡੂੰਘੀ ਸਾਂਝ ਪਾਂਦਾ ਹੈ ਉਸ ਨੇ, ਮਾਨੋ, ਮੱਥੇ ਉਤੇ ਤਿਲਕ ਲਾਇਆ

ਹੋਇਆ ਹੈ। ਜੋ ਆਪਣੇ ਅੰਦਰ-ਵੱਸਦੇ ਪ੍ਰਭੂ ਨੂੰ ਪਛਾਣਦਾ ਹੈ ਉਹ ਚੰਗੇ ਮੰਦੇ ਕੰਮ ਦੀ ਪਰਖ ਸਿੱਖ ਲੈਂਦਾ ਹੈ, ਇਹੀ ਹੈ ਅਸਲ ਬਿਬੇਕ। ਪਰਮਾਤਮਾ ਨਿਰੀਆਂ ਧਾਰਮਿਕ ਰਸਮਾਂ ਨਾਲ ਵੱਸ ਵਿਚ ਨਹੀਂ ਕੀਤਾ ਜਾ ਸਕਦਾ, ਧਾਰਮਿਕ ਪੁਸਤਕਾਂ ਦੇ ਪਾਠ ਪੜ੍ਹਿਆਂ ਭੀ ਉਸ ਦੀ ਕਦਰ ਨਹੀਂ ਪੈ ਸਕਦੀ। ਜਿਸ ਪਰਮਾਤਮਾ ਦਾ ਭੇਦ ਅਠਾਰਾਂ ਪੁਰਾਣਾਂ ਤੇ ਚਾਰ ਵੇਦਾਂ ਨੇ ਨਾਹ ਲੱਭਾ, ਹੇ ਨਾਨਕ! ਸਤਿਗੁਰੂ ਨੇ ਸਾਨੂੰ ਉਹ ਅੰਦਰ ਬਾਹਰ ਹਰ ਥਾਂ ਵਿਖਾ ਦਿੱਤਾ ਹੈ।

ਬਲਿਹਾਰੀ ਕੁਦਰਤਿ ਵਸਿਆ ॥
ਤੇਰਾ ਅੰਤੁ ਨ ਜਾਈ ਲਖਿਆ ॥1॥ ਰਹਾਉ ॥

(ਅੰਕ 469)

ਅਰਥ: ਹੇ ਕੁਦਰਤ ਵਿਚ ਵੱਸ ਰਹੇ ਕਰਤਾਰ! ਮੈਂ ਤੈਥੋਂ ਸਦਕੇ ਹਾਂ, ਤੇਰਾ ਅੰਤ ਪਾਇਆ ਨਹੀਂ ਜਾ ਸਕਦਾ।

ਅਲਹੁ ਗੈਬੁ ਸਗਲ ਘਟ ਭੀਤਰਿ ਹਿਰਦੈ ਲੇਹੁ ਬਿਚਾਰੀ ॥
ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥3॥7॥29॥ (ਅੰਕ 483)

ਅਰਥ: ਰੱਬ ਸਾਰੇ ਸਰੀਰਾਂ ਵਿਚ ਲੁਕਿਆ ਬੈਠਾ ਹੈ, ਤੂੰ ਭੀ ਆਪਣੇ ਦਿਲ ਵਿਚ ਵਿਚਾਰ ਕਰ ਕੇ ਵੇਖ ਲੈ, ਹਿੰਦੂ ਤੇ ਮੁਸਲਮਾਨ ਵਿਚ ਭੀ ਇੱਕ ਉਹੀ ਵੱਸਦਾ ਹੈ, ਕਬੀਰ ਉੱਚੀ ਕੂਕ ਕੇ, ਪੂਰੇ ਯਕੀਨ ਨਾਲ ਆਖਦਾ ਹੈ।

ਵਡੀ ਹੂ ਵਡਾ ਅਪਾਰੁ ਤੇਰਾ ਮਰਤਬਾ ॥
ਰੰਗ ਪਰੰਗ ਅਨੇਕ ਨ ਜਾਪਨਿ ਕਰਤਬਾ ॥
ਜੀਆ ਅੰਦਰਿ ਜੀਉ ਸਭੁ ਕਿਛੁ ਜਾਣਲਾ ॥
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥

(ਅੰਗ 521)

ਅਰਥ: ਹੇ ਪ੍ਰਭੂ! ਤੇਰਾ ਬੇਅੰਤ ਹੀ ਵੱਡਾ ਰੁਤਬਾ ਹੈ, ਸੰਸਾਰ ਵਿਚ ਤੇਰੇ ਅਨੇਕਾਂ ਹੀ ਕਿਸਮਾਂ ਦੇ ਕੌਤਕ ਹੋ ਰਹੇ ਹਨ ਜੋ ਸਮਝੇ ਨਹੀਂ ਜਾ ਸਕਦੇ। ਸਭ ਜੀਵਾਂ ਦੇ ਅੰਦਰ ਤੂੰ ਹੀ ਜਿੰਦ-ਰੂਪ ਹੈਂ, ਤੂੰ ਜੀਵਾਂ ਦੀ ਹਰੇਕ ਗੱਲ ਜਾਣਦਾ ਹੈਂ। ਤੇਰਾ ਸੋਹਣਾ ਟਿਕਾਣਾ ਹੈ, ਸਾਰੀ ਸ੍ਰਿਸ਼ਟੀ ਤੇਰੇ ਹੀ ਵੱਸ ਵਿਚ ਹੈ।

ਜੋ ਅੰਤਰਿ ਸੋ ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥
ਗੁਰਮੁਖਿ ਏਕ ਦ੍ਰਿਸਟਿ ਕਰਿ ਦੇਖਹੁ ਘਟਿ ਘਟਿ ਜੋਤਿ ਸਮੋਈ ਜੀਉ ॥2॥

(ਅੰਗ 599)

ਹੇ ਮੇਰੇ ਮਨ! ਜੇਹੜਾ ਪ੍ਰਭੂ ਤੇਰੇ ਅੰਦਰ ਵੱਸ ਰਿਹਾ ਹੈ ਉਸ ਨੂੰ ਬਾਹਰ ਸਾਰੀ ਕੁਦਰਤਿ ਵਿਚ ਵੇਖ, ਉਸ ਤੋਂ ਬਿਨਾ ਉਸ ਵਰਗਾ ਹੋਰ ਕੋਈ ਨਹੀਂ ਹੈ। ਗੁਰੂ ਦੇ ਦੱਸੇ ਰਾਹ ਤੇ ਤੁਰ ਕੇ ਉਸ ਇੱਕ ਨੂੰ ਵੇਖਣ ਵਾਲੀ ਨਜ਼ਰ ਬਣਾ ਫਿਰ ਤੈਨੂੰ ਦਿੱਸ ਪਏਗਾ ਕਿ ਹਰੇਕ ਸਰੀਰ ਵਿਚ ਪਰਮਾਤਮਾ ਦੀ ਹੀ ਜੋਤਿ ਮੌਜੂਦ ਹੈ।

ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ ॥
ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥5॥11॥

(ਅੰਕ 599)

ਪਰਮਾਤਮਾ ਸਾਰੇ ਜਗਤ ਦਾ ਅਸਲਾ ਹੈ ਆਪ ਮਾਇਆ ਦੇ ਪ੍ਰਭਾਵ ਤੋਂ ਰਹਿਤ ਹੈ, ਪ੍ਰਭੂ ਪਾਰਬ੍ਰਹਮ ਪਰੇ ਤੋਂ ਪਰੇ ਹੈ, ਸਭ ਤੋਂ ਵੱਡਾ ਮਾਲਕ ਹੈ। ਹੇ ਨਾਨਕ! ਜੋ ਮਨੁੱਖ ਗੁਰੂ ਨੂੰ ਮਿਲ ਪੈਂਦਾ ਹੈ ਉਸ ਨੂੰ ਇਹ ਦਿੱਸ ਪੈਂਦਾ ਹੈ ਕਿ ਉਸ ਪ੍ਰਭੂ ਦੀ ਜੋਤਿ ਹਰ ਥਾਂ ਸੋਭ ਰਹੀ ਹੈ ਤੇ ਉਸ ਦੀ ਵਿਆਪਕਤਾ ਵਿਚ ਕਿਤੇ ਕੋਈ ਵਿੱਥ ਵਿਤਕਰਾ ਨਹੀਂ ਹੈ।

ਏਕ ਬਿਨਾ ਦੂਜਾ ਨਹੀ ਜਾਨੈ ॥
ਘਟ ਘਟ ਅੰਤਰਿ ਪਾਰਬ੍ਰਹਮੁ ਪਛਾਨੈ ॥2॥

(ਅੰਕ 741)

ਅਰਥ: ਜੇਹੜਾ ਮਨੁੱਖ ਇਕ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਨਾਲ ਦਿਲੀ ਸਾਂਝ ਨਹੀਂ ਪਾਂਦਾ, ਉਹ ਮਨੁੱਖ ਪਰਮਾਤਮਾ ਨੂੰ ਹਰੇਕ ਸਰੀਰ ਵਿਚ ਵੱਸਦਾ ਪਛਾਣ ਲੈਂਦਾ ਹੈ।

ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥
ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥
ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥
ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥5॥

(ਅੰਗ 930)

ਅਰਥ: ਉਂਞ ਤਾਂ ਹਰ ਕੋਈ ਆਖਦਾ ਹੈ ਕਿ ਇਕ ਪਰਮਾਤਮਾ ਹੀ ਪਰਮਾਤਮਾ ਹੈ, ਪਰ ਜਿਸ ਮਨ ਉਤੇ ਪਰਮਾਤਮਾ ਦਾ ਨਾਮ ਲਿਖਣਾ ਹੈ, ਉਸ ਉਤੇ ਹਉਮੈ ਅਹੰਕਾਰ ਜ਼ੋਰ ਪਾਈ ਰੱਖਦਾ ਹੈ। ਜੇ ਮਨੁੱਖ ਹਉਮੈ ਅਹੰਕਾਰ ਦਾ ਸਾਇਆ ਦੂਰ ਕਰ ਕੇ ਆਪਣੇ ਹਿਰਦੇ ਵਿਚ ਅਤੇ ਸਾਰੀ ਸ੍ਰਿਸ਼ਟੀ ਵਿਚ ਇਕ ਪਰਮਾਤਮਾ ਨੂੰ ਪਛਾਣ ਲਏ, ਤਾਂ ਇਸ ਤਰ੍ਹਾਂ ਉਸ ਨੂੰ ਪਰਮਾਤਮਾ ਦੇ ਅਸਥਾਨ ਦੀ ਸਿੰਞਾਣ ਆ ਜਾਂਦੀ ਹੈ। ਪਰਮਾਤਮਾ ਤੇਰੇ ਨੇੜੇ ਹਿਰਦੇ ਵਿਚ ਵੱਸ ਰਿਹਾ ਹੈ, ਉਸ ਨੂੰ ਆਪਣੇ ਤੋਂ ਦੂਰ ਨਾਹ ਸਮਝ, ਇਕ ਪਰਮਾਤਮਾ ਹੀ ਸਾਰੀ ਸ੍ਰਿਸ਼ਟੀ ਵਿਚ ਮੌਜੂਦ ਹੈ।

ਜਾਂ ਪਿਰੁ ਅੰਦਰਿ ਤਾਂ ਧਨ ਬਾਹਰਿ ॥
ਜਾਂ ਪਿਰੁ ਬਾਹਰਿ ਤਾਂ ਧਨ ਮਾਹਰਿ ॥
ਬਿਨੁ ਨਾਵੈ ਬਹੁ ਫੇਰ ਫਿਰਾਹਰਿ ॥
ਸਤਿਗੁਰਿ ਸੰਗਿ ਦਿਖਾਇਆ ਜਾਹਰਿ ॥
ਜਨ ਨਾਨਕ ਸਚੇ ਸਚਿ ਸਮਾਹਰਿ ॥1॥

(ਅੰਗ 965)

ਅਰਥ: ਜਦੋਂ ਪਤੀ-ਪ੍ਰਭੂ ਜੀਵ-ਇਸਤ੍ਰੀ ਦੇ ਹਿਰਦੇ ਵਿਚ ਪ੍ਰਤੱਖ ਮੌਜੂਦ ਹੋਵੇ, ਤਾਂ ਜੀਵ-ਇਸਤ੍ਰੀ ਮਾਇਕ ਧੰਧਿਆਂ ਝੰਬੇਲਿਆਂ ਤੋਂ ਨਿਰਲੇਪ ਰਹਿੰਦੀ ਹੈ। ਜਦੋਂ ਪਤੀ-ਪ੍ਰਭੂ ਯਾਦ ਤੋਂ ਦੂਰ ਹੋ ਜਾਏ, ਤਾਂ ਜੀਵ-ਇਸਤ੍ਰੀ ਮਾਇਕ ਧੰਧਿਆਂ ਵਿਚ ਖਚਿਤ ਹੋਣ ਲੱਗ ਪੈਂਦੀ ਹੈ। ਪ੍ਰਭੂ ਦੀ ਯਾਦ ਤੋਂ ਬਿਨਾ ਜੀਵ ਅਨੇਕਾਂ ਭਟਕਣਾਂ ਵਿਚ ਭਟਕਦਾ ਹੈ। ਜਿਸ ਮਨੁੱਖ ਨੂੰ ਗੁਰੂ ਨੇ ਹਿਰਦੇ ਵਿਚ ਪ੍ਰਤੱਖ ਪ੍ਰਭੂ ਵਿਖਾ ਦਿੱਤਾ,ਹੇ ਨਾਨਕ! ਉਹ ਸਦਾ-ਥਿਰ ਪ੍ਰਭੂ ਵਿਚ ਹੀ ਟਿਕਿਆ ਰਹਿੰਦਾ ਹੈ।

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ ਅਚਰਜ ਰੂਪੁ ਪ੍ਰਭ ਪੇਖਿਆ ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥1॥

(ਅੰਗ 1002)

ਅਰਥ: ਗੁਰੂ ਨੇ ਹਿਰਦੇ ਵਿਚ ਹੀ ਮੈਨੂੰ ਪਰਮਾਤਮਾ ਦਾ ਦੀਦਾਰ ਕਰਵਾ ਦਿੱਤਾ ਹੈ, ਹੁਣ ਮੈਂ ਪਰਮਾਤਮਾ ਦੀ ਭਾਲ ਬਾਹਰ ਜੰਗਲਾਂ ਵਿਚ ਕਰਨ ਤੋਂ ਬਚ ਗਿਆ ਹਾਂ। ਜਦੋਂ ਪਰਮਾਤਮਾ ਦੇ ਅਸਚਰਜ ਰੂਪ ਦਾ ਹਿਰਦੇ ਵਿੱਚ ਅਨੁਭਵ ਹੋ ਗਿਆ ਹੈ, ਤਾਂ ਹੁਣ ਮੇਰਾ ਮਨ ਉਸਦਾ ਆਸਰਾ ਛੱਡ ਕਿਸੇ ਹੋਰ ਪਾਸੇ ਨਹੀਂ ਭਟਕਦਾ।

ਬੇਦ ਪੜਹਿ ਪੜਿ ਬਾਦੁ ਵਖਾਣਹਿ ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ ॥11॥

(ਅੰਗ 1058)

ਅਰਥ: ਪੰਡਿਤ ਲੋਕ ਭੀ ਵੇਦ ਆਦਿਕ ਧਰਮ-ਪੁਸਤਕ ਪੜ੍ਹਦੇ ਹਨ, ਇਹਨਾਂ ਨੂੰ ਪੜ੍ਹ ਕੇ ਨਿਰੀ ਚਰਚਾ ਦਾ ਸਿਲਸਿਲਾ ਛੇੜੀ ਰੱਖਦੇ ਹਨ, ਜਿਹੜਾ ਪਰਮਾਤਮਾ ਹਿਰਦੇ ਵਿਚ ਹੀ ਵੱਸ ਰਿਹਾ ਹੈ, ਉਸ ਨਾਲ ਗੁਰ-ਸ਼ਬਦ ਦੀ ਰਾਹੀਂ ਸਾਂਝ ਨਹੀਂ ਪਾਂਦੇ। ਪਰ, ਜਿਹੜਾ ਮਨੁੱਖ ਗੁਰੂ ਦੀ ਸਰਨ ਪੈਂਦਾ ਹੈ, ਉਹ ਤੱਤ ਨੂੰ ਵਿਚਾਰਦਾ ਹੈ, ਉਸ ਦੀ ਜੀਭ ਵਿਚ ਹਰਿ-ਨਾਮ ਦਾ ਸੁਆਦ ਟਿਕਿਆ ਰਹਿੰਦਾ ਹੈ। ਅਖੀਰ ਤੇ:

ਸੋ ਬ੍ਰਹਮੰਡਿ ਪਿੰਡਿ ਸੋ ਜਾਨੁ ॥
ਮਾਨ ਸਰੋਵਰਿ ਕਰਿ ਇਸਨਾਨੁ ॥
ਸੋਹੰ ਸੋ ਜਾ ਕਉ ਹੈ ਜਾਪ ॥
ਜਾ ਕਉ ਲਿਪਤ ਨ ਹੋਇ ਪੁੰਨ ਅਰੁ ਪਾਪ ॥6॥

(ਅੰਗ 1162)

ਅਰਥ: ਉਹ ਮਨੁੱਖ ਲਿਵ ਦੀ ਬਰਕਤਿ ਨਾਲ ਸਾਰੇ ਜਗਤ ਵਿਚ ਉਸੇ ਪ੍ਰਭੂ ਨੂੰ ਪਛਾਣਦਾ ਹੈ ਜਿਸ ਨੂੰ ਆਪਣੇ ਸਰੀਰ ਵਿਚ ਵੱਸਦਾ ਵੇਖਦਾ ਹੈ, ਉਹ ਪ੍ਰਭੂ-ਨਾਮ ਰੂਪ ਮਾਨ-ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਸਦਾ ਇਹ ਲਗਨ ਹੈ ਕਿ ਉਹ ਪ੍ਰਭੂ ਤੇ ਮੈਂ ਇੱਕ ਹਾਂ ਭਾਵ, ਮੇਰੇ ਅੰਦਰ ਪ੍ਰਭੂ ਦੀ ਜੋਤ ਵੱਸ ਰਹੀ ਹੈ ਉਸ ਉੱਤੇ ਪੁੰਨ ਯਾ ਪਾਪ ਕੋਈ ਭੀ ਪ੍ਰਭਾਵ ਨਹੀਂ ਪਾ ਸਕਦਾ।

ਲਫ਼ਜ਼ ਮੁਸਲਮਾਨ ਦਾ ਅਰਥ ਹੈ ਜਿਸ ਦਾ ਈਮਾਨ ਪੂਰਾ (ਮੁਸਲੱਮ) ਹੋਵੇ। ਜਿਹੜਾ ਇਹ ਮੰਨਦਾ ਹੋਵੇ ਕਿ ਇਕ ਖ਼ੁਦਾ ਹੈ ਤੇ ਉਸਦਾ ਆਖ਼ਰੀ ਪੈਗੰਬਰ ਮੁਹੰਮਦ ਹੈ ਤੇ ਉਹ ਜ਼ਕਾਤ, ਨਮਾਜ਼, ਰੋਜ਼ਾ ਅਤੇ ਹੱਜ ਤੇ ਜਾਣ ਦੇ ਸਾਰੇ ਅਸੂਲ ਮੰਨਦਾ ਹੋਵੇ। ਕ੍ਰਿਸ਼ਚੀਅਨ ਦਾ ਅਰਥ ਹੈ ਜਿਹੜਾ ਇਹ ਮੰਨਦਾ ਹੋਵੇ ਕਿ ਜੀਸਸ ਕ੍ਰਾਇਸਟ ਈਸ਼ਵਰ ਦਾ ਆਪਣਾ ਪੁੱਤਰ ਸੀ ਤੇ ਜਿਹੜਾ ਸਲੀਬ ਤੇ ਟੰਗਿਆ ਗਿਆ ਤੇ ਮਰਨ ਤੋਂ ਬਾਦ ਫਿਰ ਜੀ ਉਠਿਆ। ਲਫ਼ਜ਼ ਹਿੰਦੂ ਉਹਨਾਂ ਸਾਰਿਆਂ ਵਾਸਤੇ ਵਰਤਿਆ ਗਿਆ ਜਿਹੜੇ ਸਿੰਧੂ ਨਦੀ ਦੇ ਆਲੇ ਦੁਆਲੇ ਦੇ ਵਸਨੀਕ ਸਨ। ਸਨਾਤਨੀ ਦਾ ਅਰਥ ਹੈ ਜਿਹੜਾ ਧਾਰਮਿਕ ਗ੍ਰੰਥਾਂ ਵੇਦ, ਉਪਨਿਸ਼ਦ, ਅਤੇ ਪੁਰਾਣ ਤੇ ਵਿਸ਼ਵਾਸ ਰੱਖਦਾ ਹੋਵੇ। ਇਹ ਇਕ ਬੜੀ ਅਸਚਰਜ ਵਾਲੀ ਗੱਲ ਹੈ ਕਿ ਗੁਰੂ ਨਾਨਕ ਨੇ ਆਪਣੇ ਅਨੁਯਾਈਆਂ ਨੂੰ 'ਸਿੱਖ' (**शिष्य**) ਕਿਹਾ। ਸਿੱਖ ਅਰਥਾਤ ਸਿੱਖਣ ਵਾਲਾ। ਮਨੁੱਖ ਜਦੋਂ ਗੁਰੂ ਦੀ ਸਰਨ ਵਿਚ ਆ ਕੇ ਗੁਰੂ ਦੇ ਦੱਸੇ ਰਸਤੇ ਤੇ ਤੁਰਦਾ ਹੈ ਤਾਂ ਹੀ ਸਿੱਖ ਅਖਵਾਉਣ ਦਾ ਹੱਕ ਰੱਖਦਾ ਹੈ। ਇਸ ਨਾਂ ਯਾ ਵਿਸ਼ੇਸ਼ਣ ਤੋਂ ਜ਼ਾਹਿਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਹਰ ਵਿਅਕਤੀ ਨੂੰ (ਜਿਸ ਨੇ ਆਪਣੇ ਆਪ ਨੂੰ ਸਿੱਖ ਕਿਹਾ) ਆਪ ਸਿੱਖਣ ਦੀ ਹਿਦਾਇਤ ਕੀਤੀ।

ਸਾਰਾ ਧਾਰਮਿਕ ਗਿਆਨ ਉਸ ਸਮੇ ਤਕ ਲਿਖੇ ਹੋਏ ਹਿੰਦੂ ਧਾਰਮਿਕ ਗ੍ਰੰਥਾਂ ਵਿਚ ਸੰਸਕ੍ਰਿਤ ਭਾਸ਼ਾ ਵਿਚ ਲਿਖਿਆ ਗਿਆ ਸੀ, ਜਿਸ ਨੂੰ ਪੜ੍ਹਨ ਦਾ ਅਧਿਕਾਰੀ

ਕੇਵਲ ਬ੍ਰਾਹਮਣ ਸਮਾਜ ਸੀ। ਬ੍ਰਾਹਮਣ ਤੋਂ ਬਗੈਰ ਧਰਮ ਦੇ ਕਰਮ-ਕਾਂਡ ਪੂਰੇ ਨਹੀਂ ਹੁੰਦੇ ਸਨ। ਗੁਰੂ ਨਾਨਕ ਦੇਵ ਜੀ, ਦੂਜੇ, ਤੀਜੇ, ਚੌਥੇ, ਪੰਜਵੇਂ ਤੇ ਨੌਵੇਂ ਸਤਿਗੁਰੂ ਜੀ ਤੇ ਸਮਕਾਲੀਨ ਭਗਤਾਂ, ਸੰਤਾਂ ਨੇ ਹਰ ਉਸ ਕਰਮ-ਕਾਂਡ ਤੇ ਧਾਰਮਿਕ ਰਸਮਾਂ ਨੂੰ ਚੁਣੌਤੀ ਦਿੱਤੀ ਜਿਹੜਾ ਪਹਿਲੋਂ ਸ਼ਾਸਤਰਾਂ ਵਿਚ ਦੱਸਿਆ ਗਿਆ ਸੀ। 1430 ਅੰਗ ਦੇ ਪ੍ਰਚੱਲਤ ਲੋਕ ਭਾਸ਼ਾ ਵਿਚ ਲਿਖੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਹਰ ਉਸ ਕਰਮ-ਕਾਂਡ ਦਾ ਖੰਡਨ ਹੈ, ਜਿਹੜਾ ਤੁਹਾਨੂੰ ਆਪਣੇ ਅੰਦਰ ਵਸਦੇ ਅਕਾਲ ਪੁਰਖ ਦੀ ਧਾਰਣਾ ਤੋਂ ਦੂਰ ਕਰਦਾ ਹੈ। ਸਿੱਖ ਦੇ ਜੀਵਨ ਦਾ ਅਧਾਰ ਹੈ, ਗੁਰਬਾਣੀ ਚੋਂ ਸੇਧ ਲੈ ਕੇ ਆਪਣੇ ਸਤਿਗੁਰੂ ਨਾਲ ਨੇੜਤਾ ਪੈਦਾ ਕਰਨਾ ਤੇ ਉਸ ਦੇ ਦੱਸੇ ਰਸਤੇ ਤੇ ਤੁਰ ਕੇ ਆਪਣਾ ਜੀਵਨ ਸਫਲ ਕਰਨਾ। ਹਰ ਸਿੱਖ ਦਾ ਇਹ ਵਿਸ਼ਵਾਸ ਹੈ ਕਿ ਗੁਰੂ ਨਾਨਕ ਦੇਵ ਦੀ ਗਿਆਨ ਰੂਪੀ ਜੋਤ ਗੁਰੂ ਅੰਗਦ ਦੇਵ ਵਿਚ ਆ ਗਈ ਤੇ ਉਹੀ ਜੋਤ ਨਿਰੰਤਰ ਚਲਦੀ ਹੋਈ ਵਰਤਮਾਨ ਸਤਿਗੁਰੂ ਵਿਚ ਵਿਦਮਾਨ ਹੈ। ਪਹਿਰੇ ਦੇ ਮਾਲਿਕ ਸਤਿਗੁਰੂ ਆਪਣੇ ਸਿੱਖ ਨੂੰ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਦੱਸੇ ਵਿਲੱਖਣ ਧਾਰਮਿਕ ਫ਼ਲਸਫ਼ੇ ਨਾਲ ਜੋੜਦੇ ਨੇ। ਸਿੱਖੀ ਵਿਚ ਗੁਰੂ ਸਿੱਖ ਪਰੰਪਰਾ ਦਾ ਬਹੁਤ ਵੱਡਾ ਮਹੱਤਵ ਹੈ । ਵਰਤਮਾਨ ਸਤਿਗੁਰੂ ਗੁਰਬਾਣੀ ਵਿਚ ਦੱਸੇ ਮੂਲ ਸਿਧਾਂਤ ਤੇ ਕਾਇਮ ਰਹਿੰਦਿਆਂ, ਵਕਤ ਦੇ ਮੁਤਾਬਿਕ ਜੀਵਨ-ਜਾਚ ਵਿਚ ਤਬਦੀਲੀ ਕਰ ਕੇ ਸਮੇਂ ਦੀ ਲੋੜ ਨਾਲ ਧਰਮ ਦਾ ਸੁਮੇਲ ਕਰ ਸਕਦੇ ਨੇ। ਇਸ ਤਬਦੀਲੀ ਨਾਲ ਧਰਮ ਦੇ ਅਨੁਯਾਈ (ਸਿੱਖ) ਵਿਚ ਉਦਾਸੀਨਤਾ ਨਹੀਂ ਆਉਂਦੀ ਤੇ ਧਰਮ ਸਮਕਾਲੀ ਬਣਿਆ ਰਹਿੰਦਾ ਹੈ।

## ਗੁਰੂ ਰਾਮ ਸਿੰਘ

ਉਸ ਦਾ ਰੂਪ ਅਨੋਖਾ ਤੇ
ਉਹ ਸਾਰੇ ਜੱਗ ਤੋਂ ਨਿਆਰਾ ਸੀ
ਸੁਹਣਿਆਂ ਦਾ ਸੁਲਤਾਨ ਗੁਰੂ
ਤੇ ਪਿਆਰਿਆਂ ਦਾ ਉਹ ਪਿਆਰਾ ਸੀ
ਉਸ ਦੇ ਮਤਵਾਲੇ ਨੈਨਾ ਨੇ
ਕਰ ਦਿੱਤੇ ਸੀ ਮਸਤਾਨੇ ਕਈ
ਮਸਤੀ ਵਿੱਚ ਮਖਮੂਰ ਹੋਏ
ਤੇ ਅੱਜ ਵੀ ਫਿਰਨ ਦੀਵਾਨੇ ਕਈ
ਓਸ ਅਨੋਖੇ ਰਾਹੀ ਨੇ
ਭੁੱਲਿਆਂ ਨੂੰ ਰਾਹ ਵਖਾਇਆ ਸੀ
ਉਸ ਦਰਦੀਲੇ ਦਾਤੇ ਨੇ
ਦੁਖੀਆਂ ਦਾ ਦੁੱਖ ਮਿਟਾਇਆ ਸੀ
ਉਸ ਪਰਮ ਪਿਤਾ ਕਿਰਪਾਲੂ ਨੇ
ਸਭ ਨੂੰ ਸੀ ਗਲੇ ਲਗਾ ਲੀਤਾ
ਰਸਾਤਲ ਦੇ ਵਿੱਚ ਜਾਂਦਿਆਂ ਨੂੰ
ਸੀ ਬਾਂਹੋ ਪਕੜ ਬਚਾ ਲੀਤਾ
ਚਰਨ ਮੁਬਾਰਕ ਉਹਨਾ ਦੇ
ਜੋ ਐਸੀਆਂ ਪੈੜਾਂ ਪਾ ਗਏ ਨੇ
ਸੱਚ ਸੁੱਚ ਤੇ ਦਯਾ ਧਰਮ ਦਾ
ਸਾਨੂੰ ਰਾਹ ਵਖਾ ਗਏ ਨੇ
ਸਿਰ ਚੁੱਕ ਕੇ ਜੀ ਲਉ ਜਿੰਦਗੀ ਨੂੰ
ਸਭਨਾ ਨੇ ਇੱਕ ਦਿਨ ਮਰਨਾ ਹੈ
ਜਿੱਲਤ ਦੀ ਜਿੰਦਗੀ ਸਉ ਵਰਿਆਂ
ਇਹ ਜੀਵਨ ਕੀ ਕਰਨਾ ਹੈ
ਕਿਹਾ ਗੁਰਾਂ ਨਹੀਂ ਅੱਜ ਤੋਂ ਕੋਈ
ਜਹਿਰ ਗੁਲਾਮੀਂ ਪੀਊਗਾ
ਹਸ ਹਸ ਕੇ ਮਰ ਜਾਇਓ
ਪਰ ਮਰ ਮਰ ਕੋਈ ਨਾਂ ਜੀਊਗਾ
ਓਹਦੇ ਬੋਲਾਂ ਵਿੱਚ ਕਾਤੀ ਸੀ
ਜਿਨਾ ਨੇ ਜੁਗ ਪਲਟਾ ਦਿੱਤਾ
ਸੌ ਸਾਲ ਤੋਂ ਕਾਬਜ ਜੋ
ਅੰਗਰੇਜ ਦਾ ਤਖਤ ਹਿਲਾ ਦਿੱਤਾ
ਉਹ ਆਪਣੇ ਦੇਸ਼ ਪਿਆਰੇ ਲਈ
ਸੀ ਹੋ ਦੇਸ਼ ਤੋਂ ਦੂਰ ਗਏ
ਦਿੱਲ ਦੇ ਨੇੜੇ ਵੱਸਦੇ ਨੇ
ਅਖੀਆਂ ਤੋਂ ਦੂਰ ਜਰੂਰ ਗਏ
ਗੁਰੂ ਰਾਮ ਸਿੰਘ ਆਵਣ ਗੇ
ਜੀ ਆਪਣੇ ਪੰਥ ਪਿਆਰੇ ਲਈ
ਸਿੱਖੀ ਮਹਿਲ ਉਸਾਰੇ ਲਈ
ਤੇ ਸਧਰਾ ਨਾਲ ਸ਼ਿੰਗਾਰੇ ਲਈ
ਇਸ ਪੰਥ ਬਾਗ ਦਾ ਮਾਲੀ ਜੋ
ਮੁੜ ਬਾਗਾਂ ਦੇ ਵਿੱਚ ਆਵੇਗਾ
ਫਲ ਅਜਬ ਅਨੋਖੇ ਲੱਗਣਗੇ
ਆ ਫੇਰ ਬਹਾਰ ਬਨਾਵੇਂਗਾ
ਕਲਜੁਗ ਵਿੱਚ ਸਤਜੁਗ ਲੱਗੇਗਾ
ਸਭ ਦੁਖੜੇ ਮਿਟ ਜਾਵਣਗੇ
ਕਮਾਲ ਤਿਆਰੀ ਕਰ ਲਈਏ
ਹੁਣ ਗੁਰੂ ਰਾਮ ਸਿੰਘ ਆਵਣਗੇ॥

**ਜਥੇਦਾਰ ਕਮਾਲ ਸਿੰਘ**

# ਕ੍ਰਾਂਤੀਕਾਰ ਦੀ ਵਾਰ

**ਸਵਰਨ ਸਿੰਘ ਸਨੇਹੀ**

'ਠਾਰਾਂ ਸੌ ਬਹੱਤਰਾ, ਸੰਮਤ ਜਦ ਆਇਆ।
ਮਾਹਾ ਮਾਹ ਮੁਮਾਰਖੀ', ਰੱਬ ਮਾਘ ਚੜ੍ਹਾਇਆ।
ਮੌਲੀ ਸਭ ਬਨਸਪਤਿ, ਰੰਗ ਸਰ੍ਹੋਂ ਵਟਾਇਆ।
ਭੈਣੀ ਵਿੱਚ ਇਕ ਜੋਤ ਨੇ, ਆ ਜੱਗ ਰੁਸ਼ਨਾਇਆ।
ਜਿਸ ਦਾ ਮਾਪਿਆਂ, ਰਾਮਧਨ, ਸੀ ਨਾਂ ਧਰਾਇਆ।
ਅਗੇਤਾ ਸਤਿਜੁਗ ਲਾ ਜਿਸ, ਕਲਿਜੁਗ ਭਜਾਇਆ।
ਸ਼ਰਤ ਪੂਰ ਕੇ ਬਾਰ੍ਹਵਾਂ, ਉਸ ਬਪ ਕਹਾਇਆ। (1)
ਤਕਿਆ ਓਸ ਸਮਾਜ ਵਲ, ਬਹੁ ਨੀਝ ਲਗਾ ਕੇ।
ਛਿਕੇ ਟੰਗਿਆ ਸਦਾਚਾਰ, ਜਿਸ ਸ਼ਰਮ ਗਵਾ ਕੇ।
ਨਸ਼ਿਆਂ ਸੁੱਟੇ ਪਹਿਲਵਾਨ, ਧਰਤੀ ਪਟਕਾ ਕੇ।
ਸੁੱਤੇ ਉੱਠਣ ਸੁਬ੍ਹਾ ਜੋ, ਦਾਰੂ ਵਿਚ ਨ੍ਹਾ ਕੇ।
ਐਸ਼ਪ੍ਰਸਤੀ ਡੋਬ ਲਏ, ਹੋਠਾਂ ਤਕ ਜਾ ਕੇ। (2)
ਧੀ ਮਾਰਾਂ ਦੀ ਵਧ ਗਈ, ਤਦ ਗਿਣਤੀ ਭਾਰੀ।
ਗਲ ਜੰਮਦੀ ਦਾ ਘੁੱਟਦੇ, ਸਭ ਵੱਡ ਪਰਵਾਰੀ।
ਬਚੇ ਕੋਈ ਨ ਬਾਲੜੀ, ਕਰਮਾਂ ਦੀ ਮਾਰੀ।
ਲਾਲਚ ਪੱਟੇ ਬਣ ਗਏ, ਕਈ ਧੀ ਵਪਾਰੀ।
ਵੱਟਾ ਕਰਨ ਦੀ ਕੁਛ ਨੂੰ, ਸੀ ਪਈ ਬੀਮਾਰੀ।
ਰੋਲ ਸੁੱਟੀ ਵਿਚ ਖੇਹ ਇਉਂ, ਜਗ ਜਨਨੀ ਨਾਰੀ।
ਜੋੜ ਕੇ ਸਿਰ ਸਿਆਣਿਆਂ, ਨਾ ਗਲ ਵੀਚਾਰੀ।
ਧੀ ਬਿਨ ਵਧੇ ਵੇਲ ਨਾ, ਜੀਵਨ ਸੰਸਾਰੀ।
ਛੜਿਆਂ ਕੋਈ ਨ ਪੁਛਦਾ, ਵਿਚ ਦੁਨੀਆਂਦਾਰੀ। (3)
ਸੁਣ ਕੁਰਲਾਹਟ ਗੁਰੂ ਜੀ, ਤੱਕ ਦੁਖੀ ਲੁਕਾਈ।
ਭੈੜੀਆਂ ਰਸਮਾਂ ਹੇਠ ਸੀ , ਜੋ ਗਈ ਦਬਾਈ।
ਕਿਰਤੀ ਅਤੇ ਕਿਸਾਨ ਨੂੰ, ਜਾਇ ਚਿੰਤਾ ਖਾਈ।
ਲਹੂ ਪਸੀਨਾ ਇਕ ਕਰ, ਜੋ ਕਰਨ ਕਮਾਈ।
ਖਾਣ ਵਕੀਲ ਕਚਹਿਰੀਏਂ, ਨਾ ਛੱਡਦੇ ਪਾਈ।
ਅੰਨ੍ਹੇ ਬੋਲੇ ਰਾਜ ਵਿਚ, ਨੇਰ੍ਹੀ ਸੀ ਛਾਈ।
ਕਿਸੇ ਪਾਸੇ ਵੀ ਕਿਸੇ ਦੀ, ਨ ਹੋਇ ਸੁਣਵਾਈ।
ਬੈਠੇ ਉਚ ਦੁਮਾਲੀਏ, ਸਭ ਸਾਹ ਸੁਕਾਈ।
ਭੰਗ ਦੇ ਭਾੜੇ ਉਮਰ ਇਉਂ, ਸਭ ਜਾਣ ਗਵਾਈ।(4)
ਤਕ ਦੁਰਦਸ਼ਾ ਗੁਰਾਂ ਦਾ, ਮਨ ਭਰ ਜੁ ਆਇਆ।
ਪਾਉਣਾ ਇਸ ਸਮਾਜ ਨੂੰ, ਰਾਹ ਸਿੱਧੇ ਚਾਹਿਆ।
ਦੌਰੇ ਕੀਤੇ ਪਿੰਡ ਪਿੰਡ, ਜਾ 'ਕੱਠ ਬੁਲਾਇਆ।
'ਕੱਠੇ ਕਰ ਅਗਿਆਨੀਆਂ, ਚਾਨਣ ਕਰਵਾਇਆ।
"ਹੀਰਾ ਜੀਵਨ ਰੋਲਿਆ, ਭਾ ਕੌਡੀ ਲਾਇਆ।
ਬਣ ਜਾਉ ਬੰਦੇ ਰੱਬ ਦੇ, ਜਿਸ ਨੂੰ ਭੁਲਾਇਆ।
ਡੁੱਲ੍ਹੇ ਬੇਰਾਂ ਦਾ ਕੁਛ ਵੀ, ਨਾ ਗਿਆ ਗਵਾਇਆ। (5)
ਦੌਰੇ ਕਰ ਕੇ ਪਿੰਡ ਪਿੰਡ, ਸਹੀ ਸਿਖਿਆ ਦਿਤੀ।
ਅੰਦਰੋਂ ਅੰਦਰ ਪੜਾਂਵਦੇ , ਨਾਲੇ ਇਹ ਭਿੱਤੀ।
ਸੂਰਮਗਤੀ ਨਾਲ ਜੰਗ, ਨਾ ਬਿਲਿਆਂ ਜਿੱਤੀ।
ਇਕ ਗਦਾਰੀ ਮਾਰ ਗਈ, ਦੂਜੇ ਦੋ ਚਿੱਤੀ।
ਬਦਚਲਣੀ ਨੇ ਖਾ ਲਈ, ਸਿੱਖ ਸ਼ਕਤਿ ਅਮਿੱਤੀ।
ਅਗਾਂਹ ਪੁਲਾਂਘਾਂ ਪੁਟਦੀ, ਪੈ ਗਈ ਪਸਿੱਤੀ।(6)
ਮਾਰ ਕੇ ਕੰਨ ਵਿਚ ਫੂਕ, ਗੱਲ ਇੰਵ ਸਮਝਾਵਣ।
ਬਿੱਲੇ ਆਏ ਲੰਦਨੋਂ, ਜੋ ਗਊਆਂ ਖਾਵਣ।
ਬੈਲ ਵੱਛੇ ਸਭ ਵੱਢ ਕੇ, ਪਏ ਅਲਖ ਮੁਕਾਵਣ।
ਦੱਸੋ, ਖੇਤੀ ਲਈ ਬੈਲ , ਰਹਿ ਕਿਹੜੇ ਜਾਵਣ?
ਜੋੜਨ ਹਰਟ ਕਿਸਾਨ, ਹਲ, ਕਿਸ ਨਾਲ ਚਲਾਵਣ?
ਵਰਖਾ ਹੋਇ ਅਨਾਜ ਨਾ, ਕੀ ਲੋਕੀਂ ਖਾਵਣ?
ਕਾਲ ਤੇ ਸੋਕੇ ਮੁਲਕ ਵਿਚ, ਵੈਰਾਨੀ ਪਾਵਣ। (7)
ਪਰਜਾ ਦਾ ਨਿਤਕਰਮ ਵੀ, ਸਾਰਾ ਬਦਲਾਇਆ।
ਦਾਰੂ ਪੀਣ ਤੋਂ ਸਭ ਨੂੰ, ਦੇ ਮੱਤ ਹਟਾਇਆ।
ਵਰਜਿਆ ਮਾਸਾਹਾਰ ਤੋਂ, ਸ਼ੁਧ ਖਾਣੇ ਲਾਇਆ।
ਤੜਕੇ ਦੇ ਇਸ਼ਨਾਨ ਦਾ, ਫਿਰ ਨੇਮ ਦ੍ਰਿੜਾਇਆ।
ਸਾਤਵਿਕ ਭੋਜਨ ਖਾਣ ਤੇ, ਹਰ ਕਿਸੇ ਲਾਇਆ।
ਨਸ਼ੇ ਵਿਸ਼ੇ ਤੋਂ ਇੱਕ ਹੱਲੇ, ਵਿਚ ਮੂੰਹ ਮੁੜਵਾਇਆ।
ਡੱਬੀਆਂ ਸੁੱਟ ਅਫੀਮ ਨੂੰ, ਚੁੱਕ ਗਲੋਂ ਸੀ ਲਾਹਿਆ।
ਨਾਮ ਖੁਮਾਰੀ ਚਾੜ੍ਹ ਕੇ, ਸਿਮਰਨ ਕਰਵਾਇਆ।
ਦੈਂਤੋਂ ਕੀਤੇ ਦੇਵਤੇ, ਇਕ ਪਲ ਨਾ ਲਾਇਆ।(8)
ਲੋਕਾਂ ਜਨਨੀ ਜਗਤ ਦੀ, ਵਿਚ ਖਾਕ ਰੁਲਾਈ।
ਹੀਰੇ ਕਣੀ ਚੁੱਕ ਮਿਟੀਓ, ਗੁਰ ਉੱਚ ਉਠਾਈ।
ਅਮੀਂ ਛਕਾ ਕੇ ਓਸ ਦੀ, ਸੁਰਤੀ ਬਦਲਾਈ।
ਭਾਈਆਂ ਜੇਹੀ ਕੱਛ ਸੀ, ਉਸ ਨੂੰ ਪਹਿਨਾਈ।
ਔਰਤ ਮਰਦ ਬਰਾਬਰੀ, ਦੀ ਨੀਂਹ ਰਖਾਈ।-9

ਅੰਮ੍ਰਿਤ ਛਕ ਕੁਛ ਬੀਬੀਆਂ ਨੂੰ ਜੋਸ਼ ਸੀ ਚੜ੍ਹਿਆ।
ਵਾਂਗ ਭਰਾਵਾਂ ਉਨ੍ਹਾਂ ਵੀ, ਹੱਥ ਖੰਡਾ ਫੜਿਆ।
ਬਚ ਕੇ ਗਿਆ ਕੋਈ ਨਾ, ਜੋ ਅੱਗੇ ਅੜਿਆ।
ਜਿਸ ਦੇ ਸਿਰ ਵਿਚ ਸਫਾਜੰਗ, ਗਿਆ ਇਕੋ ਜੜਿਆ।
ਫੁਲਝੜੀ ਦੇ ਵਾਂਗਰਾਂ, ਸਿਰ ਉਸ ਦਾ ਝੜਿਆ। (10)
ਨਰਕੋਂ ਕਢੀਆਂ ਉਸ ਨੇ, ਇਉਂ ਰੱਬ ਰਜਾਈਆਂ।
ਕੱਢ ਕੇ ਘਰ ਦੇ ਵੇਹੜਿਉਂ, ਸੀ ਪੜ੍ਹਨੇ ਲਾਈਆਂ।
ਕੱਢ ਕੇ ਮੱਤ ਗੁੱਤ ਪਿਛਿਉਂ, ਆਕਲ ਬਣਵਾਈਆਂ।
ਕਦੇ ਬਰਾਬਰ ਸਮਝੀਆਂ, ਭਾਈਆਂ ਨਾ ਸਾਈਆਂ।
ਮੋਢੇ ਮੋਢਾ ਜੋੜ ਕੇ, ਖੱਟਣ ਵਡਿਆਈਆਂ
ਪੈਰੋਂ ਖੁਲ੍ਹ ਕੇ ਸਿਰਾਂ ਦੀਆਂ, ਛੋਹੀਆਂ
ਉਚਿਆਈਆਂ।-(11)
ਦੰਦ ਤ੍ਰੀਮਤ ਨਿੰਦਕਾਂ ਦੇ, ਗੁਰ ਕੀਤੇ ਖੱਟੇ
ਹਰੇ ਕਦੇ ਨਾ ਹੋਏ ਸੀ, ਰੁੱਖ ਜਿਨ੍ਹਾਂ ਦੇ ਚੱਟੇ।
ਵਸਦੇ ਰਸਦੇ ਜਿਨ੍ਹਾਂ ਘਰ, ਸੀ ਬਹੁਤੇ ਪੱਟੇ।
ਹੋਣੋ ਹਟੇ ਧੀਆਂ ਦੇ, ਜਦ ਸੌਦੇ, ਵੱਟੇ।
ਕੀਤਾ ਹੁਕਮ ਹਜ਼ੂਰ ਨੇ, ਗਏ ਸਮੇਂ ਪਲੱਟੇ।
ਵਿਧਵਾ ਉੱਦਮ ਕਰੇ ਖੁਦ, ਛੱਟ ਲਾਹ ਕੇ ਸੱਟੇ।
ਕਰ ਕੇ ਫੇਰ ਵਿਆਹ ਮੁੜ, ਦਿਨ ਸੁਖ ਦੇ ਕੱਟੇ।-12
ਹੁਕਮ ਮੰਨ ਕੇ ਬਹੁਤਿਆਂ, ਪੜ੍ਹਵਾਈਆਂ ਲਾਵਾਂ।
ਹੋਣ ਸੁਹਾਗਣ ਲਗੀਆਂ, ਏਦਾਂ ਵਿਧਵਾਵਾਂ।
ਕਟਿਆ ਗਿਆ ਦੁੱਖ ਮਾਂ ਦਾ, ਸਾਹ ਲਿਆ ਭਰਾਵਾਂ।
ਰਿਹਾ ਕਲੰਕ ਉਸ ਮੱਥੇ ਤੇ ਨਾ ਮੰਦ ਪਰਛਾਵਾਂ।
ਕੱਟਣ ਲੱਗੀ ਵਿਚ ਟੱਬਰ ਦੇ, ਤਦ ਸਮਾਂ ਸੁਖਾਵਾਂ।-13
ਚੜ੍ਹਿਆ ਸੰਮਤ ਚੌਵੀਵਾਂ, ਜਦ ਬਿਕ੍ਰਮਦਿੱਤੀ।
ਰਲ ਗਦਾਰਾਂ ਬਿੱਲੇ ਨੂੰ ਪੜ੍ਹਵਾਈ ਭਿੱਤੀ।
"ਕੂਕਿਆਂ ਨੂੰ ਖੁਲ੍ਹ ਤੁਸੀਂ ਜੇ, ਭੁੱਲ ਕੇ ਵੀ ਦਿੱਤੀ।
ਬਿਪਤਾ ਗਲ ਆ ਪਏਗੀ, ਇਕ ਵਾਰ ਅਮਿੱਤੀ।
ਖੋਹ ਬੈਠਿਓ ਹਿੰਦ ਨਾ, ਜੋ ਚੌਲੀਂ ਜਿੱਤੀ।"-14
ਸਤਿਗੁਰੂ ਰਾਮ ਸਿੰਘ ਸੁੱਤਾ, ਪੰਜਾਬ ਜਗਾਇਆ।
ਸੁਸਰੀ ਬਣਿਆਂ ਚਿਰਾਂ ਤੋਂ, ਫੜ੍ਹ ਸ਼ੇਰ ਬਣਾਇਆ।
ਬੁੱਕਿਆ ਸਿੰਘ ਪੰਜਾਬ ਵਿੱਚ, ਉਸ ਭੜਥੂ ਪਾਇਆ।
ਗੋਰਾ ਗਿੱਦੜ ਕੰਬਿਆ, ਡਰਿਆ, ਘਬਰਾਇਆ।
ਬੈਠਿਆਂ ਸੁੱਤਿਆਂ ਸਿਰਾਂ ਤੇ, ਖਤਰਾ ਮੰਡਰਾਇਆ।
ਸੱਤੇ ਸੁੱਧਾਂ ਭੁੱਲੀਆਂ, ਉਸ ਸਿਰ ਚਕਰਾਇਆ।-15
ਉਠ ਕੇ ਸਿੰਘ ਜਦ ਗੁਰੂ ਦੇ, ਸੀ ਇਉਂ ਭਬਕਾਰੇ।
ਆਏ ਪਾਰ ਸਮੁੰਦਰੋਂ, ਪਾਪੀ ਹਤਿਆਰੇ।
ਹੂੰਝ ਅਨਾਜ, ਵਲਾਇਤ ਦੇ ਭਰ ਲੈਣ ਭੰਡਾਰੇ।
ਦਾਤੇ ਕੀਤੇ ਮੰਗਦੇ, ਨਿੱਤ ਭੁੱਖ ਆ ਮਾਰੇ।
ਦਾਰੂ ਇਸ ਦਾ ਕਰਾਂਗੇ, ਦੱਸ ਹੱਥ ਕਰਾਰੇ।"
ਕਹਿੰਦੇ, ਬਿਲਿਓ ਤੁਸਾਂ ਨੇ, ਕੀਤੇ ਮੰਦ ਕਾਰੇ।
ਮੋੜ ਕੇ ਲੰਦਨ ਵਾੜੀਏ, ਕਰ ਲਵੋ ਤਿਆਰੇ।
ਚੁੱਕੋ ਇਥੋਂ ਛਾਉਣੀਆਂ, ਜੋ ਪੈਰ ਪਸਾਰੇ।
ਰਾਜ ਕਰਨਗੇ ਖਾਲਸੇ, ਹੁਣ ਗੁਰੂ ਸਵਾਰੇ।"?-16
ਸੱਦੀ ਕੌਂਸਲ ਲਾਟ ਨੇ, ਪਾਰਾ 'ਤਾਂਹ ਚੜ੍ਹਿਆ।
ਅੱਜ ਤਕ ਸਾਡੇ ਅੱਗੇ ਨਾ'', ਹਿੰਦੀ ਕੋਈ ਅੜਿਆ।
ਪਤਾ ਨਹੀਂ ਇਨ੍ਹਾਂ ਕੂਕਿਆਂ, ਕੀ ਮੰਤ੍ਰ ਪੜਿਆ?
ਸਾਥੋਂ ਸਤਿਗੁਰੂ ਰਾਮ ਸਿੰਘ, ਵੀ ਗਿਆ ਨ ਫੜਿਆ।
ਦੋਸ਼ ਸਿਰੇ ਦਾ ਓਸ ਦੇ, ਸਿਰ ਗਿਆ ਮੜਿਆ।"?-
17
ਗੁੱਸਾ ਲੱਥਾ, ਆ ਗਈ, ਉਸ ਸੁਰਤ ਟਿਕਾਣੇ।
ਕਹਿੰਦਾ ਬਾਰਾਂ ਪੌਂ ਥਾਂ, ਪੈ ਗਏ ਤਿੰਨ ਕਾਣੇ।
ਫੁੱਟ ਪਾ ਰੋਲੇ ਅਸਾਂ ਬਹੁ, ਰਾਜੇ ਤੇ ਰਾਣੇ।
ਕੂਕੇ ਕਿਹੜੀ ਬਲਾ ਨੇ, ਨਾ ਗਏ ਪਛਾਣੇ।
ਗੋਂਦਾਂ ਗੁੰਦਦੇ ਗੁਪਤ ਨੇ, ਲਭ ਗੁਪਤ ਟਿਕਾਣੇ।
ਕੋਈ ਮੁਕਦਮੇ ਇਨ੍ਹਾਂ ਤੇ, ਨਾ ਅਸਾਂ ਚਲਾਣੇ।
ਵਿਚ ਮੁਕਦਮਿਆਂ ਪੈਣਗੇ, ਗਵਾਹ ਭੁਗਤਾਣੇ।
ਜਿਹੜੇ ਪੰਜਾਬੀ ਮੰਨਦੇ, ਨਿਤ ਰੱਬ ਦੇ ਭਾਣੇ।
ਗੁਰੂ ਵਿਰੁੱਧ ਗਵਾਹੀ ਕਿੰਝ, ਉਹ ਦੇਣ ਨਿਤਾਣੇ ?
ਸ਼ੇਰ ਸਹਿਲ ਨਹੀਂ ਗਿਦੜਾਂ, ਕੋਲੋਂ ਚਰਵਾਣੇ।
ਸਾਨੂੰ ਬੰਦੇ ਪਾਇਦਾਰ, ਕਿਸ ਨੇ ਟਕਰਾਣੇ?
ਵਿੱਚ ਅਦਾਲਤ ਅਫਸਰੀ, ਨਾ ਕੋਈ ਪਛਾਣੇ।
ਸਾਰੇ ਅਸਾਂ ਮੁਕੱਦਮੇ, ਏਦਾਂ ਹਰ ਜਾਣੇ।
ਪੈਣਗੇ ਵਡੇ ਸਾਹਿਬ ਤੋਂ, ਵੱਖ ਛਿੱਤਰ ਖਾਣੇ।
ਫੁਟ ਪਾ ਰੋਲੇ ਅਸਾਂ ਸਭ, ਰਾਜੇ ਤੇ ਰਾਣੇ।
ਹਿੰਦੂ ਬਣ ਗਏ ਮੱਦਦੀ, ਗਊਆਂ ਚਰਵਾਣੇ।
ਸਿਖ ਪ੍ਰਸਪਰ ਪਾੜੀਏ, ਤਕੜੇ ਜਰਵਾਣੇ।
ਦੇ ਕੇ ਲਾਲਚ ਉਨ੍ਹਾਂ ਨੂੰ, ਕਰ ਲਈਏ ਕਾਣੇ।
ਕਰੀਏ ਭੰਡ ਕੇ ਕੂਕਿਆਂ ਨੂੰ ਜੀ ਭਿਆਣੇ।
ਆਪਣੀ ਮੌਤੇ ਆਪ ਇਹ, ਛੇਤੀ ਮਰ ਜਾਣੇ
ਸੰਵੀਏਂ ਨੀਂਦੇ ਸੁਖਾਂ ਦੀ, ਰਖ ਬਾਂਹ ਸਿਰ੍ਹਾਣੇ।"?-18
ਪਿਆ ਵਖਤ ਸਿਰ ਅਫਸਰਾਂ , ਸਿਰ ਸਭਨਾਂ ਜੋੜੇ।
ਆਖਣ ਹੁਕਮ ਹਜ਼ੂਰ ਦਾ, ਸੋ ਕਿਹੜਾ ਮੋੜੇ?
ਸਾਰੇ ਤੰਗੀ ਦੇਣਗੇ, ਚੁਣ ਲੌਂ ਸਿੰਘ ਥੋੜ੍ਹੇ।

ਚੀਰੇ ਦੇ ਕੇ ਕਢੀਏ , ਤਲੀਆਂ ਦੇ ਫੋੜੇ-19
ਬਹੁਤ ਹੀ ਮੱਥਾ ਮਾਰ ਕੇ, ਇਕ ਵਿਉਂਤ ਬਣਾਈ।
ਸੌ ਹੱਥ ਰੱਸੇ ਦੇ ਸਿਰੇ ਤੇ, ਚੁਕ ਗੰਢ ਮਰਵਾਈ।
ਜਦੋਂ ਜਾਨ ਬੰਗਾਲ ਵਿਚ, ਸੀ ਲਬਾਂ ਤੇ ਆਈ।
ਉਥੇ ਜਿਹੜੇ ਨਿਯਮ ਨਾਲ, ਕੀਤੀ ਸਖ਼ਤਾਈ।
ਧਾਰਾ ਓਹੀ ਕੂਕਿਆਂ ਤੇ, ਜਾਇ ਲਗਾਈ।
ਭੇਜ ਕੇ ਧਰਤ ਬਿਗਾਨੀਏਂ,ਜਿੰਦ ਜਾਏ ਸਤਾਈ।
ਰਗੜੋ ਸੂਬੇ ਜਿਨ੍ਹਾਂ ਨੇ, ਸਿੰਗ ਮਿੱਟੀ ਚਾਈ।
ਆਏ ਨਾ ਕੋਈ ਪੰਜਾਬ ਮੁੜ, ਜਿਉਂਦੇ ਜੀ ਭਾਈ।
ਜਾਇ ਨ ਕੋਈ ਖਬਰ ਨੂੰ, ਕਰ ਦਿਉ ਤਕੜਾਈ।
ਬਾਂਸ ਰਹੇ ਨਾ ਬਾਂਸੁਰੀ, ਤਦ ਜਾਇ ਵਜਾਈ।"-20
ਕੂਕਿਆਂ ਅਗੇ ਬਣ ਗਈ, ਸਰਕਾਰ ਵਿਚਾਰੀ।
ਭੱਜੀ ਡਰ ਕਾਨੂੰਨ ਤੋਂ, ਮੱਤ ਗਈ ਸੀ ਮਾਰੀ।
ਵਿਉਂਤ ਬਣਾਈ ਅਮਲ ਵਿਚ, ਲੈ ਆਂਦੀ ਸਾਰੀ।
ਦਿਨ ਅਠਾਰਾਂ ਜਨਵਰੀ, ਚੜ੍ਹਿਆ ਬਹੁ ਭਾਰੀ।
ਸੂਬੇ ਤੇ ਸਤਿਗੁਰਾਂ ਦੀ, ਕੀਤੀ ਗ੍ਰਿਫਤਾਰੀ।
ਚਾੜ੍ਹ ਦਿਤੇ ਲੁਧਿਆਣਿਉਂ, ਸਭ ਰੇਲ ਮਝਾਰੀ।
ਤੋਰੇ ਸਭ ਪ੍ਰਯਾਗ ਨੂੰ, ਵਿਚ ਪਹਿਰੇਦਾਰੀ।
ਦੇਸ ਆਜ਼ਾਦੀ ਹਿਤ ਪਈ, ਸਿਰ ਆਵਾਜ਼ਾਰੀ।-21
ਤੜਕੇ ਸੂਰਜ ਛਿਪ ਗਿਆ, ਕਿੰਝ ਚੜ੍ਹੇ ਸਵੇਰਾ?
ਪਾ ਗਿਆ ਵਿਚ ਪੰਜਾਬ ਦੇ, ਜੋ ਘੁਪ ਹਨੇਰਾ।
ਚਾਮਚੜਿਕ 'ਚ ਆ ਗਿਆ, ਉਲੂਆਂ ਦਾ ਜੇਰਾ।
ਗਿਦੜ ਫਿਰਨ ਹਵਾਂਕਦੇ, ਮਨ ਚਾਉ ਘਣੇਰਾ।
ਬਾਘੀਆਂ ਪਾਣ ਗੱਦਾਰ ਬਹੁ, ਪਾ ਸ਼ੋਰ ਉਚੇਰਾ।
"ਕਿਲੇ 'ਚੋਂ ਛੁਟੇ ਸ਼ੇਰ ਨਾ ਪਏ ਵਤਨੀਂ ਫੇਰਾ।
ਅਸੀਂ ਮਜ਼ਾ ਸਿਖ ਰਾਜ ਦਾ , ਚਖ ਲਿਆ ਬਥੇਰਾ।
ਰਹੇ ਮਲਕਾ ਦਾ ਜੁਗਾਂ ਤਕ, ਇਕਬਾਲ ਉਚੇਰਾ।
ਮਾਣੇ ਮੌਜ ਪੰਜਾਬ ਅਰੁ, ਜਸ ਗਾਏ ਵਧੇਰਾ।''-22
ਪਏ ਪੇਸ਼ ਇਉਂ ਕੂਕਿਆਂ, ਚੁਕ ਵਿਚ ਸਰਕਾਰੇ।
ਝੋਲੀ ਚੁੱਕ ਜਗੀਰਦਾਰ, ਬਿੱਲਿਆਂ ਦੇ ਸਾਰੇ।
ਦੇਵਣ ਨਿਤ ਜੋ ਅਰਜ਼ੀਆਂ, ਲਿਖ ਲਿਖ ਦਰਬਾਰੇ।
ਮਸਾਂ ਪੰਜਾਬ ਚੋਂ ਨਿਕਲੇ, ਅੱਗ ਦੇ ਅੰਗਿਆਰੇ।
ਭੇਜ ਦਿਤਾ ਜੇ ਰਾਮ ਸਿੰਘ, ਮੁੜ ਵਤਨ ਮਝਾਰੇ।
ਭਾਂਬੜ ਮਚਣ ਪੰਜਾਬ ਵਿਚ, ਲੋਕ ਉੱਠਣ ਸਾਰੇ।
ਗੱਦੀ ਖੋਹ ਕੇ ਤੁਸਾਂ ਨੂੰ, ਕਰ ਦੇਣ ਕਿਨਾਰੇ।
ਮੌਤ ਕੁਤੇ ਦੀ ਮਰਾਂਗੇ, ਕਰੀਏ ਕੁਛ ਚਾਰੇ।
ਵਖਤ ਵਿਚਾਰੇ ਸੋ ਬੰਦਾ'', ਕਿਹਾ ਗੁਰੂ ਪਿਆਰੇ।
ਮਿੰਨਤਾਂ ਮੰਨੋਂ ਸਾਡੀਆਂ, ਨਹੀਂ ਜਾਵੋ ਮਾਰੇ।
ਚਿੜੀਆਂ ਚੁਗ ਲਏ ਖੇਤ ਜੋ, ਨਾ ਜਾਣ ਸਵਾਰੇ।
ਪਛਤਾਇਆਂ ਕੁਛ ਨਾ ਬਣੇ, ਟਿੱਲ ਲਾ ਲਿਉ ਭਾਰੇ।
ਵੇਲੇ ਸਿਰ ਹੀ ਸਾਂਭ ਲੈ, ਵੇਲਾ ਸਰਕਾਰੇ !" -23
ਗੁਰੂ ਰਾਮ ਸਿੰਘ ! ਦੁਨੀ ਨਾ, ਐਵੇਂ ਜਸ ਗਾਉਂਦੀ।
ਤੂੰ ਨਾ ਆਉਂਦੋਂ ਜਗ ਵਿਚ, ਰਹਿੰਦੀ ਦੁਖ ਪਾਉਂਦੀ।
ਜੇ ਨਾ ਕਰਦਾ ਹਿੰਮਤ ਤੂੰ, ਸਿੱਖੀ ਮੁਰਝਾਉਂਦੀ।
ਲੱਭੀ ਵਿਚ ਅਜਾਇਬ ਘਰਾਂ, ਵੀ ਨਾ ਥਿਆਉਂਦੀ।
ਗੁਰ ਸਿਖਿਆ ਦਾ ਦੁਨੀ ਨਾ, ਸੁ ਲਾਭ ਉਠਾਉਂਦੀ।
ਨਾ ਗੁਰਬਾਣੀ ਕਿਸੇ ਦਾ, ਰਸਤਾ ਰੁਸ਼ਨਾਉਂਦੀ।
ਭੁੱਲ ਭਟਕ ਖਾਇ ਠੋਕਰਾਂ, ਵਿਚ ਧੂੜ ਸਮਾਉਂਦੀ।-24
ਬਿੱਲੇ ਤਾਂਈਂ ਮਾਂ ਪਿਉ, ਸਿੱਖ ਰਿਹਾ ਜੁ ਕਹਿੰਦਾ।
ਵਿਚ ਮਜਲਸਾਂ ਉਸ ਦੀਆਂ, ਨਿੱਠ ਨਿੱਠ ਸੀ ਬਹਿੰਦਾ।
ਖਾਤਰ ਉਸ ਦੀ ਜਾਨ, ਸੀ ਤਲੀਏ ਰੱਖ ਲੈਂਦਾ।
ਜਾ ਕੇ ਪਾਰ ਸਮੁੰਦਰੋਂ, ਸੀ ਲੜਨੇ ਡਹਿੰਦਾ।
ਵਿਚ ਚੌਧੇ ਦੇ ਗਦਰ ਦੇ, ਰਾਖਾ ਬਣ ਬਹਿੰਦਾ।
ਬਦਮਾਸ਼ ਸੀ ਦੇਸ਼ ਪਿਆਰਿਆਂ ਨੂੰ ਦੁਸ਼ਮਣ ਕਹਿੰਦਾ।
ਉਸ ਖਾਤਰ ਸੰਗ ਵਤਨੀਆਂ, ਸਦ ਰਿਹਾ ਸੀ ਖਹਿੰਦਾ।
ਗੁਰੂ ਰਾਮ ਸਿੰਘ ਕਸ਼ਟ ਜੇ ਤੂੰ ਸਿਰ ਨਾ ਸਹਿੰਦਾ।
ਤੇਲ ਬਿੱਲੇ ਦੀ ਜੜ੍ਹੀਂ ਜੇ, ਨਾ ਤੈਥੋਂ ਪੈਂਦਾ।
ਦਾਗ ਮਦਦ ਦਾ ਸਿਖਾਂ ਦੇ, ਮਥਿਉਂ ਨਾ ਲਹਿੰਦਾ।
ਰੱਬ ਦਾ ਜਿਹੜਾ ਮਾਰਿਆ, ਗਲ ਮਾੜੇ ਪੈਂਦਾ।
ਤਾਂ ਹੀ 'ਸਨੇਹੀਂ' ਉਮਰ ਭਰ,
ਦੁਖ ਰਿਹਾ ਸੁ ਸਹਿੰਦਾ।-25

# THE MARTYRS OF MALERKOTLA

✍- -Gurmukh Singh, Advocate

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥

Sura so pahchaniay jo laray deen ke het.
He is the True Warrior who fights for the rights of poor

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥
Purja purja kat maray kabhu na chaday khet.
He would prefer to die fighting instead of deserting the battlefield

-Verses from Gurbani

Sikhism is the religion of brave heart and this is amply visible through the pages of rich glorious history of Sikh martyrs & warriors. Guru Arjan Dev Ji, Guru Tegh Bahadur ji and many Sikh warriors embraced martyrdom in the service of humanity. Guru Hargobind ji and Guru Gobind Singh ji fought numerous battles against the Mughal invaders. Guru Gobind Singh ji made supreme sacrifices which included martyrdom of his four sons (Sahibzaadas) to uphold the values of truth and moral justice.

The Sikh kingdom flourished during the reign of Maharaja Ranjit Singh. However, soon after his death, the Sikhs forgot the tenets of Sikhism which led to the downfall of Khalsa Empire. The British conquered Punjab after defeating the Sikh forces and unleashed the policy of suppression and exploitation of the masses. In this dark period, Satguru Ram Singh ji founded the Sant Khalsa - Namdhari Sikh Sect on 12th April, 1857 to revive the Sikhism in its pristine form based to the teachings of Guru Gobind Singh ji. Satguru ji was the first to administer (baptize) amrit to women and allow them equal social status with men. He was the pioneer to use doctrine of non-cooperation and boycott as a political weapon against British for freedom of the Country. He introduced many social and religious reforms for the welfare of society.

It is a well known fact that British ruled this country with the help of their heinous policy of divide and rule. In furtherance of their nefarious intentions of spoiling the communal harmony in Punjab, the British authorities allowed opening of cow slaughter houses at various places including the Sikh Holy city of Amritsar. The cow being sacred for both Hindus and Sikhs, this development was unacceptable to them. However, the people were afraid to raise their voice against the colonial rulers. The Namdhari Sikhs took upon themselves this moral duty to challenge the British and stop killing of cows in Punjab. They attacked the slaughter houses, killed the butchers and freed the cows. Thereafter, they voluntarily surrendered before the Courts and embraced martyrdom by hanging with gallows made of silk at Amritsar, Raikot and Ludhiana. Satguru Ram Singh ji directed the Namdhari Sikhs to boycott British goods, government schools, law courts, government jobs and postal services. He established his own parallel

administration system and sent ambassadors to Russia, Nepal and Kashmir to fuel the struggle for the freedom of the Country. These daring acts of courage and patriotism shook the roots of British Empire in India.

In furtherance to this noble cause of freedom of the Nation, a group of Namdhari Sikhs attacked cow slaughterhouses at Malerkotla, a town in Punjab in January, 1872. The British Government was alarmed by this huge open revolt. They realised that they cannot rule Punjab for long if this Namdhari freedom movement is not crushed and they saw an opportunity in the Malerkotla incident. On the orders of Cowan, the Deputy Commissioner of Ludhiana, sixty six Namdhari Sikhs were blown with cannons on 17-18th January, 1872 at Malerkotla without any trial in a barbaric manner. Such was the bravery and patriotic spirit in these Namdhari Sikhs that just before being blown with cannon, Bhai Heera Singh, the leader of group challenged the British in loud voice – "We will keep taking birth through wombs of different mothers and will continue to die fighting against you (British colonial occupants) till you leave our Country."
Another Namdhari Sikh in this group, Wariam Singh was a relative of an influential royal family who enjoyed patronage of British and there was a recommendation from this family that that he should not be punished. He was told by British Officer that he cannot be blown with cannon as his height is not enough to stand before the gun. Instead of rejoicing that his life is being spared, he ran to fetch some mud blocks from the nearby field and standing on those boulders he shouted to British Officer that now they can blow him as he stands tall. Also, among this group of warriors was a twelve year old tender child named Bishan Singh. The wife of Cowan felt pity for him and request her husband to have mercy on the child. The Commissioner said he can forgive the child if he repents and makes a declaration that he is not the Sikh of Satguru Ram Singh. The child was told about this amnesty being offered. Bishan Singh demanded he would like to speak in Cowan's ear. As the child reached Cowen's long flowing beard, he pulled it down with force shouting – "how dare you say that I am not Sikh of Satguru Ram Singh Ji?'. Unable to free the beard of Cowen from Bishan Singh's strong hands, the soldiers killed him by cutting down to pieces with sword.

There is no parallel in history were people themselves voluntarily stood fearlessly before guns to attain martyrdom. The British were awestruck and shocked seeing the valour of Namdhari Martyrs. These great sacrifices ignited the freedom struggle and culminated into achieving Independence of India in August, 1947. With the blessings of Sri Satguru Jagjit Singh ji, a beautiful memorial has been built at Malerkotla in honour of martyrs and the people from all walks of life visit the place to pay their tribute to these freedom fighters. Every year a State Level function is held at Malerkotla on 18th January in remembrance of the Supreme sacrifices of Namdhari Sikh Martyrs.

-------------------------------------------

# A SAGA OF SRI SATGURU JAGJIT SINGH JI

✍ –Dr. Sharada Jayagovind

This forty-day sadhana ends in an annual fair in which members of the community gather and seek the blessings of the Satguru. This tradition is growing stronger day by day.

Patsha ji stressed the importance of chanting the name of God and urged that on no grounds should this be neglected or discontinued. Patshaji said that since the time of Guru Nanak, the emphasis of Sikhism has been on fighting the enemy within and gain inner strength and peace. The tools to achieve this are waam and devotion to Satguru.

Chanting the Lord's name cleans the mind of anger, jealousy and hatred. Meditation stills the thoughts and directs the mind towards God. Patshaji said:

"Just as a tabla or dilruba has to be tuned, the mind has to be tuned towards God. It takes some time for the mind to get attached to Him."

The secret to get attached to His naam is to remember Him always. Patshaji would say:

"Chant the Lord's name while grinding the wheat, while sitting in the shop, while riding a bicycle or travelling in a car. Chant naam with deep concentration. Let it seep into your subconscious mind. Do not leave the mind idle... like a bumble bee returns to the honey, let the mind always return to God's feet."

Patsha ji said that mechanical counting of beads and rolling of jap mala was not enough, one has to call the name of the God with love and devotion.

With a sense of humour, Patshaji used to say:

"An air conditioner keeps you cool during summer, a heater keeps you warm during winter. But it is the naam which keeps you happy and comfortable during all seasons all through your life."

**to be continued...........**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਾਲ 2019 ਦੇ ਰੋਜ਼ਾਨਾ ਦੌਰੇ।

1 ਜਨਵਰੀ 2019: ਆਸਾ ਦੀ ਵਾਰ ਸ੍ਰੀ ਭੈਣੀ ਸਾਹਿਬ, ਦਿਨ ਵੇਲੇ ਇਲਾਕਾ ਸ੍ਰੀ ਜੀਵਨ ਨਗਰ ਅਤੇ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।

2 ਜਨਵਰੀ: ਆਸਾ ਦੀ ਵਾਰ ਵਿੱਚ ਦਰਸ਼ਨ ਦੇਣ ਉਪਰੰਤ ਬੰਗਲੌਰ

11 ਜਨਵਰੀ: ਵਾਪਸ ਸ੍ਰੀ ਭੈਣੀ ਸਾਹਿਬ।

12 ਜਨਵਰੀ: ਸ੍ਰੀ ਭੈਣੀ ਸਾਹਿਬ ਵਿਖੇ ਰੋਜ਼ਾਨਾ ਨਿੱਤਕਰਮ ਉਪਰੰਤ ਬਿਰਧਾਂ ਨੂੰ ਦਰਸ਼ਨ, ਸ਼ਾਮ ਨੂੰ ਲੁਧਿਆਣੇ ਤਾਜਪੁਰ ਰੋਡ ’ਤੇ ਬੁਢੇ ਦਰਿਆ ਦਾ ਨਰੀਖਣ।

13 ਜਨਵਰੀ: ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ, ਸ਼ਾਮ ਨੂੰ ਮਸਤਾਨਗੜ।

14 ਜਨਵਰੀ: ਮਸਤਾਨਗੜ ਤੋਂ ਮੁਕਤਸਰ ਵਿਖੇ ਮਾਘੀ ਮੇਲੇ ਤੇ ਦਰਸ਼ਨ, ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਲੁਧਿਆਣੇ ਦੇ ਕਮਿਸ਼ਨਰ ਅਤੇ ਮੇਅਰ ਨਾਲ ਬੁੱਢੇ ਦਰਿਆ ਬਾਬਤ ਮੀਟਿੰਗ।

15 ਜਨਵਰੀ: ਸ੍ਰੀ ਭੈਣੀ ਸਾਹਿਬ।

16 ਜਨਵਰੀ: ਚੰਡੀਗੜ ਬੁੱਢੇ ਦਰਿਆ ਬਾਬਤ ਮੀਟਿੰਗ, ਲੁਧਿਆਣੇ ਦੇ ਰਾਮਗੜੀਆ ਕਾਲਜ ਵਿੱਚ ਇੱਕ ਸਮਾਰੋਹ ਸਮੇਂ ਇੱਕ ਕਿਤਾਬ ਰਲੀਜ਼ ਕੀਤੀ।

17 ਜਨਵਰੀ: ਮਲੇਰਕੋਟਲੇ ਦਰਸ਼ਨ ਦਿੱਤੇ।

18 ਜਨਵਰੀ: ਅੰਮ੍ਰਿਤਸਰ ਦੇ ਪਿੰਡ ਖਤਰਾਏ ਵਿਖੇ ਮੇਲੇ ਤੇ ਦਰਸ਼ਨ ਦਿੱਤੇ ਅਤੇ ਕੁਝ ਘਰਾਂ ਵਿੱਚ ਚਰਨ ਪਾਏ।

20 ਜਨਵਰੀ: ਨਵਾਂ ਸ਼ਹਿਰ ਹੁੰਦੇ ਹੋਏ ਹੁਸ਼ਿਆਰਪੁਰ ਬਸੰਤ ਦੇ ਮੇਲੇ ਤੇ ਦਰਸ਼ਨ ਦਿੱਤੇ ਅਤੇ ਕੁਝ ਘਰਾਂ ਵਿੱਚ ਚਰਨ ਪਾਏ।

21 ਜਨਵਰੀ: ਸ੍ਰੀ ਭੈਣੀ ਸਾਹਿਬ ਆਸਾ ਦੀ ਵਾਰ ਉਪਰੰਤ ਲੁਧਿਆਣੇ ਬੁੱਢੇ ਦਰਿਆ ਸਬੰਧੀ ਮੀਟਿੰਗ ਉਪਰੰਤ ਰਾਮਪੁਰਾ ਫੂਲ ਇੱਕ ਭੋਗ ’ਤੇ ਦਰਸ਼ਨ ਦਿੱਤੇ, ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।

22 ਜਨਵਰੀ: ਆਸਾ ਦੀ ਵਾਰ ਉਪਰੰਤ ਬੰਗਲੌਰ ਰਵਾਨਗੀ।

26 ਜਨਵਰੀ: ਬੰਗਲੌਰ ਤੋਂ ਵਾਪਸੀ, ਸ੍ਰੀ ਭੈਣੀ ਸਾਹਿਬ ਵਿਖੇ ਨਾਮ ਸਿਮਰਨ ਦੌਰਾਨ ਦਰਸ਼ਨ ਦਿੱਤੇ।

27 ਜਨਵਰੀ: ਲੁਧਿਆਣਾ ਵਿਖੇ ਬੁੱਢੇ ਦਰਿਆ ਦੇ ਕੰਢੇ ’ਤੇ “ਆਣ ਮਿਲੋ ਦਰਿਆਓ” ਦੇ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਦਰਸ਼ਨ ਦਿੱਤੇ।

28 ਜਨਵਰੀ: ਸ਼ਾਮ ਨੂੰ ਦਿੱਲੀ ਉਪਰੰਤ ਬੰਗਲੌਰ ਰਵਾਨਗੀ।

2 ਫਰਵਰੀ: ਦਿੱਲੀ ਵਿਖੇ ਮਾਤਾ ਹਰਦੀਪ ਕੌਰ ਦੇ ਭੋਗ ’ਤੇ ਦਰਸ਼ਨ ਦਿੱਤੇ। ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।

3 ਫਰਵਰੀ: ਤੋਂ 10 ਫਰਵਰੀ ਤੱਕ ਸ੍ਰੀ ਭੈਣੀ ਸਾਹਿਬ ਵਿਖੇ ਸਵਾਲੱਖ ਪਾਠਾਂ ਦੇ ਭੋਗ ਪਾਏ ਗਏ ਅਤੇ ਬਸੰਤ ਪੰਚਮੀ ਦਾ ਮੇਲਾ ਮਨਾਇਆ ਗਿਆ।

11 ਫਰਵਰੀ: ਆਸਾ ਦੀ ਵਾਰ ਉਪਰੰਤ ਪਿੰਡ ਵਜ਼ੀਦ, ਸ੍ਰੀ ਭੈਣੀ ਸਾਹਿਬ ਵਿਖੇ ਸ਼ਾਮ ਨੂੰ ਇੱਕ ਸੰਗੀਤ ਬੈਠਕ ਕੀਤੀ ਗਈ।

12 ਫਰਵਰੀ: ਤੂਰ ਫਾਰਮ(ਦੋਆਬਾ)

13 ਫਰਵਰੀ: ਪਿੰਡ ਸੈਦੋਕੇ, ਢਿਲਵਾਂ(ਬਰਨਾਲਾ), ਡੇਰੇ ਰੂੜੇਕੇ, ਬਾਜੇਕੇ, ਜੀਵਨ ਨਗਰ, ਮਸਤਾਨ ਗੜ।

14 ਫਰਵਰੀ: ਆਸਾ ਦੀ ਵਾਰ ਸੰਤ ਨਗਰ, ਦਮਦਮਾ, ਕਰੀਵਾਲ, ਅੰਮ੍ਰਿਤਸਰੀਆਂ ਦਾ ਖੂਹ, ਮਸਤਾਨ ਗੜ, ਰਾਣੀਆਂ, ਦਮਦਮਾ, ਜੀਵਨ ਨਗਰ, ਅਬੂਬ ਸ਼ਹਿਰ ਵਾਪਸੀ ਸ੍ਰੀ ਭੈਣੀ ਸਾਹਿਬ।

16 ਫਰਵਰੀ: ਲੁਧਿਆਣੇ ਸੰਗੀਤ ਸੰਮੇਲਨ

17 ਫਰਵਰੀ: ਸ੍ਰੀ ਭੈਣੀ ਸਾਹਿਬ ਤੋਂ ਸ਼ਾਮ ਨੂੰ ਮੁੰਬਈ ਵਿਖੇ ਨਾਮ ਸਿਮਰਨ ਅਤੇ ਕੀਰਤਨ।

18 ਫਰਵਰੀ: ਮੁੰਬਈ ਵਿਖੇ ਆਸਾ ਦੀ ਵਾਰ ਉਪਰੰਤ ਬੰਗਲੌਰ ਰਵਾਨਗੀ।

27 ਫਰਵਰੀ: ਸਿਰਸੇ ਵਿਖੇ ਘੁੱਲਾ ਜੀ ਦੀ ਸੱਸ ਦੇ ਭੋਗ ਤੇ ਦਰਸ਼ਨ ਦਿੱਤੇ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।

28 ਫਰਵਰੀ: ਤੋਂ 3 ਮਾਰਚ ਤੱਕ ਸ੍ਰੀ ਭੈਣੀ ਸਾਹਿਬ ਉਪਰੰਤ ਬੰਗਲੌਰ ਰਵਾਨਗੀ

15 ਮਾਰਚ: ਵਾਪਸੀ ਸ੍ਰੀ ਭੈਣੀ ਸਾਹਿਬ

16 ਮਾਰਚ: ਆਸਾ ਦੀ ਵਾਰ ਉਪਰੰਤ ਲੁਧਿਆਣੇ ਵਿਖੇ ਚੌੜਾ ਬਜ਼ਾਰ ਦੀ ਸਫਾਈ ਮੁਹਿੰਮ ਸ਼ੁਰੂ ਕਰਵਾਈ।

17 ਮਾਰਚ: ਲੁਧਿਆਣੇ ਤੋਂ ਪਿੰਡ ਮਨਸੂਰਵਾਲ ਜ਼ਿਲਾ ਫਿਰੋਜ਼ਪੁਰ, ਜ਼ੀਰਾ ਆਦਿ ਦਰਸ਼ਨ ਦੇਣ ਉਪਰੰਤ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।

18 ਮਾਰਚ: ਸ੍ਰੀ ਭੈਣੀ ਸਾਹਿਬ।

19 ਮਾਰਚ: ਰਾਜਪੁਰਾ ਹੁੰਦੇ ਹੋਏ ਪਟਿਆਲਾ, ਘਿਓਰਾ ਮੇਲੇ ਤੇ ਦਰਸ਼ਨ ਦਿੱਤੇ ਅਤੇ ਘਰਾਂ ਵਿੱਚ ਚਰਨ ਪਾਏ।

20 ਮਾਰਚ: ਸ੍ਰੀ ਭੈਣੀ ਸਾਹਿਬ।

21 ਤੋਂ 24 ਮਾਰਚ: ਸ੍ਰੀ ਭੈਣੀ ਸਾਹਿਬ ਵਿਖੇ ਹੋਲਾ ਮਹੱਲਾ ਮਨਾਇਆ।

25 ਮਾਰਚ: ਸ਼ਾਮ ਨੂੰ ਦਿੱਲੀ।

26 ਮਾਰਚ: ਦਿੱਲੀ ਆਸਾ ਦੀ ਵਾਰ ਉਪਰੰਤ ਰਾਂਚੀ,ਹਜ਼ਾਰੀ ਬਾਗ, ਡਾਲਟਨ ਗੰਜ।

27 ਮਾਰਚ: ਰਾਂਚੀ।

28 ਮਾਰਚ: ਰਾਂਚੀ ਤੋਂ ਦਿੱਲੀ ਉਪਰੰਤ ਸ੍ਰੀ ਭੈਣੀ ਸਾਹਿਬ।

21 ਅਪ੍ਰੈਲ: ਸ੍ਰੀ ਭੈਣੀ ਸਾਹਿਬ ਆਸਾ ਦੀ ਵਾਰ ਉਪਰੰਤ ਮਾਨਸਾ ਜਥੇਦਾਰ ਪਿਆਰਾ ਸਿੰਘ ਦਾ ਭੋਗ, ਸੰਤ ਨਗਰ, ਜੀਵਨ ਨਗਰ, ਪਰਤਾਪ ਨਗਰ, ਥੋਬਰੀਆਂ, ਸੰਤ ਨਗਰ, ਕਰੀਵਾਲਾ,

ਦਮਦਮਾ, ਸ਼ਾਮ ਨੂੰ ਮਸਤਾਨ ਗੜ।
22 ਅਪ੍ਰੈਲ: ਸੰਤ ਨਗਰ ਆਸਾ ਦੀ ਵਾਰ, ਕੁਝ ਕੁ ਘਰਾਂ ਵਿੱਚ ਚਰਨ ਪਾਏ, ਮਸਤਾਨ ਗੜ ਹੋਕੇ ਸ਼ਾਮ ਤੱਕ ਸ੍ਰੀ ਭੈਣੀ ਸਾਹਿਬ।
23 ਅਪ੍ਰੈਲ: ਸ੍ਰੀ ਸਤਿਗੁਰ ਜੀ ਸ੍ਰੀ ਭੈਣੀ ਸਾਹਿਬ ਵਿਖੇ ਦਰਸ਼ਨ ਦਿੱਤੇ, ਸ਼ਾਮ ਨੂੰ ਸੰਗੀਤ ਸਭਾ ਵਿੱਚ ਦਰਸ਼ਨ ਦਿੱਤਾ।
25 ਅਪ੍ਰੈਲ: ਸ਼ਾਮ ਨੂੰ ਫਗਵਾੜੇ ਦਰਸ਼ਨ ਦਿੱਤੇ।
28 ਅਪ੍ਰੈਲ: ਸ੍ਰੀ ਭੈਣੀ ਸਾਹਿਬ ਤੋਂ ਅਮਰਾਸਰ ਇੱਕ ਮਾਤਾ ਦੇ ਭੋਗ ਉਪਰੰਤ ਦਿੱਲੀ ਸ਼ਾਮ ਦੇ ਦੀਵਾਨ ਵਿੱਚ ਦਰਸ਼ਨ ਦਿੱਤੇ।
29 ਅਪ੍ਰੈਲ: ਦਿੱਲੀ ਆਸਾ ਦੀ ਵਾਰ ਉਪਰੰਤ ਬੰਗਲੌਰ ਰਵਾਨਗੀ।
4,5,6 ਮਈ: ਆਸਟਰੇਲੀਆ ਦੇ ਪਰਥ ਸ਼ਹਿਰ ਵਿੱਚ ਦਰਸ਼ਨ ਦਿੱਤੇ।
7,8,9 ਮਈ: ਬ੍ਰਿਸਬੇਨ
10,11,12,13 ਮਈ: ਸਿਡਨੀ।
14 ਤੋਂ 19 ਮਈ: ਤੱਕ ਮੈਲਬੌਰਨ, ਵਾਪਸੀ ਬੰਗਲੌਰ।
30 ਮਈ: ਦਮਦਮੇ, ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।
31 ਮਈ: ਸ਼ਾਮ ਨੂੰ ਲੁਧਿਆਣੇ।
1 ਜੂਨ: ਸ੍ਰੀ ਭੈਣੀ ਸਾਹਿਬ ਤੋਂ ਪਿੰਡ ਝੱਲ ਪੰਡਿਤ ਹਰਭਜਨ ਸਿੰਘ ਜੀ ਨੂੰ ਦਰਸ਼ਨ ਦੇਣ ਉਪਰੰਤ ਸਿਆੜ ਮੇਲੇ ਤੇ ਦਰਸ਼ਨ ਦਿੱਤੇ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।
2 ਜੂਨ: ਸ੍ਰੀ ਭੈਣੀ ਸਾਹਿਬ।
3 ਜੂਨ: ਮਸਤਾਨ ਗੜ, ਦਮਦਮੇ ਭੋਗ 'ਤੇ ਦਰਸ਼ਨ।
4 ਜੂਨ: ਸੰਤ ਨਗਰ ਆਸਾ ਦੀ ਵਾਰ ਉਪਰੰਤ ਇਲਾਕਾ ਸ੍ਰੀ ਜੀਵਨ ਨਗਰ, ਐਲਨਾਬਾਦ, ਮੰਡੀ ਡੱਬਵਾਲੀ ਸਟੇਸ਼ਨ ਤੇ ਦਰਸ਼ਨ ਦੇਣ ਉਪਰੰਤ ਵਾਪਸੀ ਸ੍ਰੀ ਭੈਣੀ ਸਾਹਿਬ।
5 ਜੂਨ: ਦਸੂਹਾ, ਮੁਕੇਰੀਆਂ, ਜਲੰਧਰ ਵਾਪਸੀ ਸ੍ਰੀ ਭੈਣੀ ਸਾਹਿਬ।
6 ਜੂਨ: ਸ੍ਰੀ ਭੈਣੀ ਸਾਹਿਬ।
7,8 ਜੂਨ: ਮੰਡੀ (ਹਿਮਾਚਲ ਪ੍ਰਦੇਸ)
9 ਜੂਨ: ਮੰਡੀ ਤੋਂ ਵਾਪਸੀ ਰੋਪੜ ਹੁੰਦੇ ਹੋਏ ਸ੍ਰੀ ਭੈਣੀ ਸਾਹਿਬ ਵਿਖੇ ਨਾਮ-ਸਿਮਰਨ ਦੌਰਾਨ ਕਸੇਲ ਜੀ ਦੀ ਯਾਦ ਵਿੱਚ ਚਲ ਰਹੇ ਪ੍ਰੋਗਰਾਮ ਵਿੱਚ ਦਰਸ਼ਨ ਦਿੱਤਾ।
10 ਤੋਂ 15 ਜੂਨ: ਸ੍ਰੀ ਭੈਣੀ ਸਾਹਿਬ ।
16 ਜੂਨ: ਆਸਾ ਦੀ ਵਾਰ ਲੁਧਿਆਣੇ ਉਪਰੰਤ ਬੰਗਲੌਰ ਵਾਪਸੀ।
25 ਜੂਨ: ਆਸਾ ਦੀ ਵਾਰ ਦਿੱਲੀ, ਵਾਪਸੀ ਸ੍ਰੀ ਭੈਣੀ ਸਾਹਿਬ।
27 ਤੋਂ 30 ਜੂਨ: ਵਿੱਦਿਅਕ ਸੰਮੇਲਨ ਸ੍ਰੀ ਭੈਣੀ ਸਾਹਿਬ।
4 ਤੋਂ 9 ਜੁਲਾਈ: SA new york ਵੈਨਕੂਵਰ ਲਈ ਰਵਾਨਗੀ।
10,11,12 vancuver (canada) ਰਵਾਨਗੀ ਟਰਾਂਟੋ।
13 ਤੋਂ 17 ਟਰਾਂਟੋ ( 16 ਜੂਨ: ਅਮਰੀਕਾ ਨਿਆਗਰਾਫਾਲ ਇੱਕ ਅਨੰਦ ਕਾਰਜ ਤੇ ਦਰਸ਼ਨ ਦਿੱਤੇ) ਵਾਪਸੀ ਬੰਗਲੌਰ।
21 ਜੁਲਾਈ: ਔਰੰਗਾਬਾਦ।
26 ਜੁਲਾਈ: ਮੁੰਬਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ "ਸੰਗੀਤ ਸਰੂਪ ਸਤਿਗੁਰੂ" ਡਾਕੂਮੈਂਟਰੀ ਫਿਲਮ ਰਲੀਜ਼ ਕੀਤੀ।
27 ਜੁਲਾਈ: ਕਲਕੱਤੇ।
28,29 ਜੁਲਾਈ: ਸ੍ਰੀ ਭੈਣੀ ਸਾਹਿਬ।
30 ਜੁਲਾਈ: ਰਾਏਕੋਟ ਸ਼ਹੀਦੀ ਮੇਲਾ।
31 ਜੁਲਾਈ: ਸ੍ਰੀ ਭੈਣੀ ਸਾਹਿਬ ਤੋਂ ਸ਼ਾਮ ਦੇ ਦੀਵਾਨ ਵਿੱਚ ਦਿੱਲੀ ਦਰਸ਼ਨ ਦਿੱਤੇ।
1.ਅਗਸਤ: ਸਵੇਰੇ ਬੰਕੋਕ (ਥਾਈਲੈਂਡ) ਆਸਾ ਦੀ ਵਾਰ ਵਿੱਚ ਦਰਸ਼ਨ ਦਿੱਤੇ।
7.ਅਗਸਤ: ਤੱਕ ਥਾਈਲੈਂਡ ਰਹੇ।
9. ਸ੍ਰੀ ਭੈਣੀ ਸਾਹਿਬ।
10. ਫਤਹਿਗੜ ਸਾਹਿਬ ਮੇਲਾ।
11. ਸ੍ਰੀ ਭੈਣੀ ਸਾਹਿਬ ਮਾਸਟਰ ਦਰਸ਼ਨ ਸਿੰਘ ਜੀ ਨਮਿੱਤ ਭੋਗ।ਉਪਰੰਤ ਬੰਗਲੌਰ।
17. ਬੰਗਲੌਰ ਵਿਖੇ ਸਤਿਗੁਰੂ ਜੀ ਸੰਗਤ ਨੂੰ ਆਪਣੇ ਕਰਕਮਲਾਂ ਨਾਲ ਪਰਸ਼ਾਦ ਵਰਤਾਇਆ।
18. ਅਗਸਤ: ਬੰਗਲੌਰ ਵਿਖੇ ਸਿੰਪਲੀ ਨਾਮਧਾਰੀ ਸਟੋਰ ਦਾ ਉਦਘਾਟਨ ਕੀਤਾ।
21. ਅਗਸਤ: ਇੰਗਲੈਂਡ ਲਈ ਰਵਾਨਾ ਹੋਏ। 30 ਅਗਸਤ ਤੱਕ ਇੰਗਲੈਂਡ ਰਹੇ। ਇੱਥੇ ਆਪ ਜੀ ਲੈਸਟਰ, ਲੰਡਨ, ਬਰਮਿੰਘਮ ਆਦਿ ਸ਼ਹਿਰਾਂ ਵਿੱਚ ਸੰਗਤ ਨੂੰ ਦਰਸ਼ਨ ਦਿੱਤੇ।
4 ਸਿਤੰਬਰ: ਚੰਡੀਗੜ ਸੰਤ ਅਮਰ ਸਿੰਘ ਜੀ ਦੇ ਭੋਗ 'ਤੇ ਦਰਸ਼ਨ ਦਿੱਤਾ। ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।
5 ਸਿਤੰਬਰ: ਆਸਾ ਦੀ ਵਾਰ ਉਪਰੰਤ ਬੰਗਲੌਰ ਰਵਾਨਗੀ।
13. ਸਿਤੰਬਰ: ਬੰਗਲੌਰ ਵਿਖੇ ਜਪ-ਪ੍ਰਯੋਗ ਦੀ ਆਰੰਭਤਾ।
14 ਸਿਤੰਬਰ: ਬੰਗਲੌਰ ਤੋਂ ਅੰਮ੍ਰਿਤਸਰ ਏਅਰਪੋਰਟ ਸੂਬਾ ਅਮਰੀਕ ਸਿੰਘ ਜੀ ਦੇ ਘਰ ਡੇਰਾ।
15 ਸਿਤੰਬਰ: ਸ਼ਹੀਦੀ ਮੇਲਾ ਅੰਮ੍ਰਿਤਸਰ, ਸ਼ਾਮ ਨੂੰ ਸ੍ਰੀ ਭੈਣੀ ਸਾਹਿਬ।
16 ਸਿਤੰਬਰ: ਸ੍ਰੀ ਭੈਣੀ ਸਾਹਿਬ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿੱਚ ਮੇਲਾ।
17 ਸਿਤੰਬਰ: ਜਪ-ਪ੍ਰਯੋਗ ਦੀ ਆਰੰਭਤਾ।
28 ਸਿਤੰਬਰ: ਪਿੰਡ ਬੀੜ ਵਿਖੇ ਮੇਲੇ 'ਤੇ ਦਰਸ਼ਨ ਦਿੱਤੇ।
29 ਸਿਤੰਬਰ: ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਲੁਧਿਆਣੇ ਵਿਖੇ ਗੁਰੂ ਨਾਨਕ ਸਟੇਡੀਅਮ ਵਿੱਚ ਮੈਰਾਥਨ ਦੌੜ।
6 ਅਕਤੂਬਰ: ਦੋਆਬੇ ਵਿੱਚ ਦਰਸ਼ਨ ਮੁਠੱਡਾ ਕਲਾਂ ਵਿਖੇ ਇੱਕ ਭੋਗ।

17 ਅਕਤੂਬਰ: ਅੱਸੂ ਦੇ ਮੇਲੇ ਦਾ ਭੋਗ।
19,20,21 ਅਕਤੂਬਰ: ਮੰਡੀ ਹਿਮਾਚਲ ਪਰਦੇਸ ਦਾ ਦੌਰਾ।
30 ,31 ਅਕਤੂਬਰ: ਸ੍ਰੀ ਭੈਣੀ ਸਾਹਿਬ।
1 ਨਵੰਬਰ: ਸੁਲਤਾਨਪੁਰ ਲੋਧੀ ਦੀ ਪੈਦਲ ਯਾਤਰਾ।
2,3,4 ਨਵੰਬਰ: ਸ੍ਰੀ ਭੈਣੀ ਸਾਹਿਬ।
5 ਨਵੰਬਰ: ਸੁਲਤਾਨਪੁਰ ਲੋਧੀ।
9,10 ਨਵੰਬਰ: ਸ੍ਰੀ ਭੈਣੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ।
11 ਨਵੰਬਰ: ਬੰਗਲੌਰ ਰਵਾਨਗੀ।
22 ਨਵੰਬਰ: ਵਾਪਸੀ ਸ੍ਰੀ ਭੈਣੀ ਸਾਹਿਬ।
23 ਨਵੰਬਰ: ਸ੍ਰੀ ਭੈਣੀ ਸਾਹਿਬ ਤੋਂ ਫਗਵਾੜੇ ਬੀਬੀ ਮਹਿੰਦਰ ਕੌਰ ਦੇ ਭੋਗ 'ਤੇ ਦਰਸ਼ਨ।
23,24 ਨਵੰਬਰ: ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਸੰਮੇਲਨ।
25 ਨਵੰਬਰ: ਬਿਜਲੀ ਵਾਲ (ਬਟਾਲਾ) ਵਿਖੇ ਮੇਲੇ 'ਤੇ ਦਰਸ਼ਨ।
26 ਨਵੰਬਰ: ਲੁਧਿਆਣੇ ਸ਼ਹੀਦੀ ਸਮਾਰਕ 'ਤੇ ਮੇਲਾ।
27 ਨਵੰਬਰ: ਦਿੱਲੀ
28,29,30 ਨਵੰਬਰ: ਇਲਾਕਾ ਸ੍ਰੀ ਜੀਵਨ ਨਗਰ ਵਾਪਸ ਸ੍ਰੀ ਭੈਣੀ ਸਾਹਿਬ।
1 ਦਿਸੰਬਰ: ਸ੍ਰੀ ਭੈਣੀ ਸਾਹਿਬ।
2 ਦਿਸੰਬਰ: ਕਰਤਾਰ ਪੁਰ।
3 ਦਿਸੰਬਰ: ਸ੍ਰੀ ਭੈਣੀ ਸਾਹਿਬ।
4 ਦਿਸੰਬਰ: ਸ੍ਰੀ ਭੈਣੀ ਸਾਹਿਬ ਤੋਂ ਮੋਹਾਲੀ,ਬੰਗਲੌਰ।
20 ਦਿਸੰਬਰ: ਦਿੱਲੀ।
21 ਦਿਸੰਬਰ: ਇਲਾਕਾ ਜੀਵਨ ਨਗਰ ਸ੍ਰੀ ਭੈਣੀ ਸਾਹਿਬ।

**-ਤਰਲੋਕ ਸਿੰਘ ਫਗਵਾੜਾ**

---

## ਪਟਿਆਲਾ ਵਿਖੇ ਦੋ ਦਿਨਾਂ ਅੰਤਰ ਰਾਸ਼ਟਰੀ ਸੈਮੀਨਾਰ

6-7 ਜਨਵਰੀ:- ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ 6-7 ਜਨਵਰੀ ਨੂੰ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵੱਲੋਂ, "ਨਾਮਧਾਰੀ ਅੰਦੋਲਨ ਦਾ ਭਾਰਤੀ ਸਾਹਿਤ ਅਤੇ ਸਤੰਤਰਤਾ ਸੰਗਰਾਮ ਵਿੱਚ ਯੋਗਦਾਨ" ਵਿਸ਼ੇ ਤੇ ਦੋ ਦਿਨਾਂ ਅੰਤਰ-ਰਾਸ਼ਟਰੀ ਸੈਮੀਨਾਰ ਕਰਵਾਇਆ ਗਿਆ। ਇਸ ਦੀ ਆਰੰਭਤਾ 6 ਜਨਵਰੀ ਨੂੰ ਸਵੇਰੇ 10:30 ਵਜੇ ਯੂਨੀਵਰਸਿਟੀ ਦੇ ਸੈਨੇਟ ਹਾਲ ਵਿਖੇ ਹੋਈ। ਸੈਮੀਨਾਰ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਸੈਮੀਨਾਰ ਦੀ ਪ੍ਰਧਾਨਗੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਬੀ.ਐਸ. ਘੁੰਮਣ ਨੇ ਕੀਤੀ ਤੇ ਮੁੱਖ ਮਹਿਮਾਨ ਵਜੋਂ ਸਿਹਤ ਤੇ ਪਰਿਵਾਰ ਭਲਾਈ ਅਤੇ ਕਿਰਤ ਮੰਤਰੀ ਬਲਬੀਰ ਸਿੰਘ ਸਿੱਧੂ ਸ਼ਾਮਿਲ ਹੋਏ। ਸੈਮੀਨਾਰ ਦੀ ਸ਼ੁਰੂਆਤ ਡਾ. ਵਰਿਆਮ ਸਿੰਘ ਸੰਧੂ ਜੀ ਦੇ ਉਦਘਾਟਨੀ ਸ਼ਬਦਾਂ ਨਾਲ ਹੋਈ। ਜਿਸ ਵਿੱਚ ਉਹਨਾਂ ਨੇ ਨਾਮਧਾਰੀ ਲਹਿਰ ਦੇ ਸਾਹਿਤ ਬਾਰੇ ਆਪਣੇ ਵਿਚਾਰ ਰੱਖੇ। ਉਸ ਤੋਂ ਉਪਰੰਤ ਵਿਧਾਇਕ ਸ੍ਰੀ ਮਦਨ ਲਾਲ ਜਲਾਲਪੁਰ ਨੇ ਨਾਮਧਾਰੀ ਪੰਥ ਦੀ ਸਾਦਗੀ ਬਾਰੇ ਚਰਚਾ ਕੀਤੀ। ਕੈਬਨਿਟ ਮੰਤਰੀ ਬਲਬੀਰ ਸਿੱਧੂ ਨੇ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਨਾਮਧਾਰੀ ਲਹਿਰ ਦੇ ਯੋਗਦਾਨ ਬਾਰੇ ਆਪਣੇ ਵਿਚਾਰ ਰੱਖੇ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਲਹਿਰ ਬਾਰੇ ਚਰਚਾ ਕਰਦਿਆਂ ਆਖਿਆ ਕਿ "ਨਾਮਧਾਰੀ ਸਮੁਦਾਇ ਨੂੰ ਸਿੱਖ ਪੰਥ ਤੋਂ ਵਖਰਾ ਪੰਥ ਕਰਕੇ ਨਹੀਂ ਮੰਨਿਆ ਜਾਣਾ ਚਾਹੀਦਾ। ਸਤਿਗੁਰੂ ਜੀ ਨੇ ਯੂਨੀਵਰਸਿਟੀ ਦੇ ਵਿੱਚ ਗੁਰੂ ਰਾਮ ਸਿੰਘ ਚੇਅਰ ਸਥਾਪਿਤ ਕਰਨ ਬਾਰੇ ਵੀ ਵਿਚਾਰ ਕੀਤੀ।" ਉਪ-ਕੁਲਪਤੀ ਡਾ. ਘੁੰਮਣ ਨੇ ਸਤਿਗੁਰੂ ਜੀ ਅਤੇ ਹੋਰ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਅਤੇ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਹੋਇਆ ਭਾਰਤ ਦੇ ਇਤਿਹਾਸ ਵਿਚ ਨਾਮਧਾਰੀਆਂ ਦੇ ਯੋਗਦਾਨ ਦੀ ਵਿਆਖਿਆ ਅਤੇ ਅਰਥ ਦੁਬਾਰਾ ਕਰਨ ਤੇ ਜ਼ੋਰ ਦਿੱਤਾ। ਡਾ. ਘੁੰਮਣ ਨੇ ਸਤਿਗੁਰੂ ਜੀ ਨੂੰ ਵਿਸ਼ਵਾਸ ਦਿਵਾਇਆ ਕੇ ਯੁਨੀਵਰਸਿਟੀ ਵਿਚ ਨਾਮਧਾਰੀ ਲਹਿਰ ਨਾਲ ਸਬੰਧਿਤ ਚੇਅਰ ਸਥਾਪਿਤ ਕਰਨ ਲਈ ਅਸੀਂ ਹਰ ਸੰਭਵ ਕੋਸ਼ਿਸ਼ ਕਰਾਂਗੇ। ਇਸ ਮੌਕੇ ਤੇ ਡਾ. ਮੁਹੰਮਦ ਇਦਰੀਸ, ਗੁਰਭੇਜ ਸਿੰਘ ਗੁਰਾਇਆ ਅਤੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਮਨਜੀਤ ਸਿੰਘ ਨਿੱਜਰ ਨੇ ਵੀ ਆਪਣੇ ਵਿਚਾਰ ਰੱਖੇ। ਇਸੇ ਦੌਰਾਨ ਡਾ. ਸੁਖਦੇਵ ਸਿੰਘ ਸਿਰਸਾ, ਡਾ. ਜਗਮੋਹਨ ਸਿੰਘ, ਡਾ. ਕੁਲਦੀਪ ਸਿੰਘ, ਕਾਮਰੇਡ ਸੁਵਰਨ ਸਿੰਘ ਵਿਰਕ, ਸੂਬਾ ਸੁਰਿੰਦਰ ਕੌਰ ਖਰਲ ਅਤੇ ਡਾ. ਮੁਹੰਮਦ ਇਦਰੀਸ ਨੇ ਪੇਪਰ ਪੜ੍ਹੇ।

7 ਜਨਵਰੀ:- ਸੈਮੀਨਾਰ ਵਿੱਚ ਕੁਲਬੀਰ ਸਿੰਘ ਬਾਦਲ, ਡਾ. ਸੰਦੀਪ ਕੌਰ, ਡਾ. ਅਮਨਦੀਪ ਸਿੰਘ, ਤੇਜਿੰਦਰ ਕੌਰ, ਨਰਿੰਦਰ ਸਿੰਘ, ਜਗਜੀਤ ਸਿੰਘ, ਡਾ. ਨਾਜਰ ਸਿੰਘ ਅਤੇ ਡਾ. ਸ਼ਿਲਪਾ ਨੇ ਪੇਪਰ ਪੜ੍ਹੇ। ਮੁੱਖ ਮਹਿਮਾਨ ਵਜੋਂ ਹਰਵਿੰਦਰ ਸਿੰਘ ਹੰਸਪਾਲ ਜੀ ਸ਼ਾਮਿਲ ਹੋਏ। ਪ੍ਰਧਾਨਗੀ ਵੀ.ਸੀ. ਡਾ. ਘੁੰਮਣ ਨੇ ਕੀਤੀ। ਡਾ. ਜੀ.ਐਸ. ਬੱਤਰਾ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਵਿਦਾਇਗੀ ਭਾਸ਼ਣ ਡਾ. ਜੋਗਿੰਦਰ ਸਿੰਘ ਅੰਮ੍ਰਿਤਸਰ ਨੇ ਦਿੱਤਾ। ਇਸ ਤਰ੍ਹਾਂ ਨਾਮਧਾਰੀ ਲਹਿਰ ਨੂੰ ਸਮਰਪਿਤ ਇਹ ਸੈਮੀਨਾਰ ਸਫਲਤਾ-ਪੂਰਵਕ ਸਿਰੇ ਚੜ੍ਹਿਆ।

**-ਸੂਬਾ ਸੁਰਿੰਦਰ ਕੌਰ ਖਰਲ**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ

19-20 ਦਿਸੰਬਰ 2019: ਵਰਤਮਾਨ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ੍ਰੀ ਜੀਵਨ ਨਗਰ ਇਲਾਕੇ ਦੀ ਧਰਤੀ ਨੂੰ ਉਚੇਚਾ ਮਾਣ ਬਖਸ਼ਦੇ ਹਨ ਜਦੋਂ ਵੀ ਕੋਈ ਸਿੱਖ ਅਰਜ ਬੇਨਤੀ ਕਰਦਾ ਹੈ ਤਾਂ ਉਸ ਦੀ ਅਰਜ਼ ਨੂੰ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਵਰੋਸਾਈ ਹੋਈ ਧਰਤੀ ਤੇ ਦਰਸ਼ਨ ਦੇ ਕੇ ਸਿੱਖਾਂ-ਸੇਵਕਾਂ ਨੂੰ ਨਿਵਾਜਦੇ ਹਨ। ਇਸੇ ਤਰ੍ਹਾਂ ਮਾਸਟਰ ਮਨਸ਼ਾ ਸਿੰਘ ਜੀ ਜੋ ਪਿਛਲੇ ਦਿਨੀਂ ਚੜ੍ਹਾਈ ਕਰ ਗਏ ਸਨ। ਉਹਨਾਂ ਦੇ ਪਰਿਵਾਰ ਦੀ ਅਰਜ ਪ੍ਰਵਾਨ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਮਿਤੀ 19 ਦਸੰਬਰ 2019 ਵੀਰਵਾਰ ਨੂੰ ਬੰਗਲੌਰ ਤੋਂ ਹਵਾਈ ਸਫਰ ਰਾਹੀਂ ਦਿੱਲੀ ਪਹੁੰਚੇ ਅਤੇ ਦਿੱਲੀ ਏਅਰਪੋਰਟ ਤੋਂ ਗੱਡੀਆਂ ਰਾਹੀਂ ਸ਼ਾਮ 3:35 ਤੇ ਸਤਿਗੁਰੂ ਪ੍ਰਤਾਪ ਸਿੰਘ ਮੰਦਰ ਵਿੱਚ ਸੰਤ ਨਗਰ ਵਿਖੇ ਮਾਸਟਰ ਮਨਸਾ ਸਿੰਘ ਜੀ ਦੇ ਭੋਗ ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਰਾਗੀ ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਗਿਆਨ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਮਾਸਟਰ ਮਨਸਾ ਸਿੰਘ ਨਮਿੱਤ ਪਵਿੱਤਰ ਗੁਰਬਾਣੀ ਦੇ 2 ਪਾਠਾਂ ਦੇ ਭੋਗ ਪਾਏ ਗਏ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਮਾਸਟਰ ਮਨਸਾ ਸਿੰਘ ਦੇ ਸਪੁੱਤਰ ਨੇਪਾਲ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਪ੍ਰਤਾਪ ਮੰਦਰ ਵਿਖੇ ਭੋਗ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਵਿਖੇ ਨੰਬਰਦਾਰ ਅਮਰ ਸਿੰਘ ਦੀ ਭੈਣ ਬੀਬੀ ਸਵਿੰਦਰ ਕੌਰ ਪਤਨੀ ਸ. ਕਰਨੈਲ ਸਿੰਘ ਦੇ ਚੜ੍ਹਾਈ ਕਰਨ 'ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਫਿਰ ਵਾਪਸ ਸੰਤ ਨਗਰ ਆਣ ਕਵੀ ਸਵਰਨ ਸਿੰਘ ਚੀਮਾ ਦੀ ਸਿਹਤ ਬਾਰੇ ਹਾਲ ਚਾਲ ਪੁਛਣ ਲਈ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਬੜੇ ਹੀ ਪਿਆਰ ਨਾਲ ਚੀਮਾ ਜੀ ਨਾਲ ਬਚਨ ਬਿਲਾਸ ਕੀਤੇ।

ਇਥੋਂ ਹੀ ਸ੍ਰੀ ਸਤਿਗੁਰੂ ਜੀ ਅਮਰਾਸਰ ਕਲਾਂ ਵਿਖੇ ਸੂਬਾ ਮਹਿੰਦਰ ਸਿੰਘ ਦੀ ਮਾਤਾ ਹਰਬੰਸ ਕੌਰ ਦੇ ਚੜ੍ਹਾਈ ਕਰ ਜਾਣ 'ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਅਮਰਾਸਰ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਪਿੰਡ ਦਮਦਮਾ ਵਿਖੇ ਸ. ਹਰਦਾਸ ਸਿੰਘ ਦੇ ਘਰ ਬੀਬੀ ਦਵਿੰਦਰ ਕੌਰ ਦੇ ਚੜ੍ਹਾਈ ਕਰਨ 'ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਇਥੇ ਦਮਦਮੇ ਹੀ ਨੇਤਰ ਸਿੰਘ ਭੱਲਾ ਪੁੱਤਰ ਸ. ਬਲਵੰਤ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਇਥੋਂ ਹੀ ਮਸਤਾਨ ਗੜ੍ਹ ਨੂੰ ਆਉਂਦੇ ਹੋਏ ਰਸਤੇ ਵਿਚ ਹਾਕੀ ਖਿਡਾਰੀ ਸ. ਸਰਦਾਰ ਸਿੰਘ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ। ਰਾਤ ਮਸਤਾਨਗੜ੍ਹ ਵਿਸਰਾਮ ਕੀਤਾ।

**20 ਦਸੰਬਰ 2019:-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਨਗਰ ਵਿਖੇ ਹਜੂਰੀ ਰਾਗੀ ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਗਿਆਨ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਕੀਤਾ। ਉਪਰੰਤ ਸ. ਸਰਜਾ ਸਿੰਘ ਵੱਲੋਂ 2 ਸਧਾਰਨ ਪਾਠਾਂ ਦੇ ਭੋਗ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ ਵਿਚ ਪਾਏ ਗਏ। ਇਥੇ ਹੀ ਸ. ਮੇਜਰ ਸਿੰਘ ਪੁੱਤਰ ਸੇਵਾ ਸਿੰਘ ਦੇ ਘਰ ਚਰਨ ਪਾਏ ਅਤੇ ਬਾਅਦ ਵਿਚ ਡਾ. ਸੁਖਚੈਨ ਸਿੰਘ ਦੇ ਘਰ ਦਰਸ਼ਨ ਦਿੱਤੇ। ਕਰੀਵਾਲੇ ਹੀ ਸ. ਸੁਖਦੇਵ ਸਿੰਘ ਦੇ ਚੜ੍ਹਾਈ ਕਰਨ ਤੇ ਘਰ ਪਰਿਵਾਰ ਨੂੰ ਦਰਸ਼ਨ ਦਿੱਤੇ। ਸਵਰਨ ਸਿੰਘ ਪੁੱਤਰ ਪ੍ਰੀਤਮ ਸਿੰਘ ਦੇ ਘਰ ਵੀ ਚਰਨ ਪਾਏ। ਇਥੋਂ ਕਰੀਵਾਲੇ ਦੇ ਬਾਅਦ ਸੰਤ ਨਗਰ ਵਿਖੇ ਸਰਪੰਚ ਗੁਰਦੀਪ ਸਿੰਘ ਪੁੱਤਰ ਸ. ਅਵਤਾਰ ਸਿੰਘ ਦੇ ਘਰ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ ਅਤੇ ਪ੍ਰਸ਼ਾਦਾ ਛਕਿਆ। ਸੰਤ ਨਗਰ ਤੋਂ ਚੱਲ ਕੇ 10 ਵਜੇ ਨਾਮਧਾਰੀ ਧਰਮਸ਼ਾਲਾ ਸਿਰਸਾ ਵਿਖੇ ਅਖੰਡ ਪਾਠ ਦੇ ਭੋਗ ਤੇ ਦਰਸ਼ਨ ਦਿੱਤੇ ਅਤੇ ਇਥੇ ਹੀ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਸ. ਸਤਿਨਾਮ ਸਿੰਘ ਪਨਿਹਾਰੀ ਵਾਲਿਆਂ ਦੇ ਪੋਤਰੇ ਦਾ ਅਨੰਦ ਕਾਰਜ ਹੋਇਆ। ਸ. ਮਲੂਕ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਇਥੋਂ ਹੀ ਸਿਰਸੇ ਸ਼ਹਿਰ ਵਿਖੇ ਸ. ਅਮਰ ਸਿੰਘ, ਤਰਨਜੀਤ ਸਿੰਘ ਡਿੰਪਾਂ ਅਤੇ ਸ. ਜਸਵਿੰਦਰ ਸਿੰਘ ਘਰ ਅਖੰਡਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਿਰਸੇ ਸ਼ਹਿਰ ਵਿਖੇ ਹੀ ਅਖੰਡਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ੍ਰੀ ਭੈਣੀ ਸਾਹਿਬ ਲਈ ਚੱਲ ਪਿਆ, ਸ਼ਾਮ ਹਨੇਰਾ ਹੋਣ ਤੱਕ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਆਣ ਦਰਸ਼ਨ ਦਿੱਤੇ।

**-ਸੂਬਾ ਬਲਵਿੰਦਰ ਸਿੰਘ ਝੱਲ**

# ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਸ਼ਹੀਦੀ ਮੇਲਾ ਮਲੇਰਕੋਟਲਾ

17-1-2020:- ਆਸਾ ਦੀ ਵਾਰ ਦਾ ਕੀਰਤਨ ਗੁਰਲਾਲ ਸਿੰਘ ਅਤੇ ਉਹਨਾਂ ਦੇ ਸਾਥੀ ਜਥੇ ਨੇ ਕੀਤਾ। ਆਸਾ ਦੀ ਵਾਰ ਤੋਂ ਬਾਅਦ ਲੁਧਿਆਣੇ ਅਤੇ ਦੁਆਬੇ ਦੇ ਨੌਜੁਆਨਾਂ ਨੇ 11 ਹਵਨ ਕੀਤੇ। ਦੁਪਹਿਰੇ 11 ਤੋਂ 12 ਵਜੇ ਨਿਤਨੇਮ ਹੋਇਆ। ਜਥੇਦਾਰ ਗੁਰਲਾਲ ਸਿੰਘ ਜੀ ਨੇ ਅੱਧੇ ਘੰਟੇ ਲਈ ਦੀਵਾਨ ਸਜਾਇਆ। ਉਸ ਤੋਂ ਬਾਅਦ ਸੰਤ ਨਿਸ਼ਾਨ ਸਿੰਘ ਜੀ ਨੇ ਅੱਧੇ ਘੰਟੇ ਲਈ ਕਥਾ ਕੀਤੀ ਤੇ ਫਿਰ ਅਰਦਾਸ ਹੋਈ। ਉਪਰੰਤ ਆਏ ਹੋਏ ਪੱਤਵੰਤੇ ਸੱਜਣਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ।

ਇਸ ਸਮੇਂ ਕੈਬਨਿਟ ਮੰਤਰੀ ਸ. ਬਲਬੀਰ ਸਿੰਘ ਸਿੱਧੂ (ਸਿਹਤ ਤੇ ਪਰਿਵਾਰ ਭਲਾਈ ਅਤੇ ਕਿਰਤ ਮੰਤਰੀ), ਸ. ਨਵਤੇਜ ਸਿੰਘ ਚੀਮਾਂ ਐੱਮ.ਐਲ.ਏ. ਅਤੇ ਹੰਸਪਾਲ ਜੀ ਵੀ ਮੌਜੂਦ ਸਨ। ਮੰਚ ਸੰਚਾਲਨ ਸੂਬਾ ਬਲਵਿੰਦਰ ਸਿੰਘ ਜੀ ਨੇ ਕੀਤਾ।

**ਸ. ਹੀਰਾ ਸਿੰਘ ਗਾਬੜੀਆ–** ਨੇ ਕਿਹਾ ਕਿ ਪੰਜਾਬ ਦੀ ਧਰਤੀ ਤੇ ਕਈ ਇਤਿਹਾਸ ਸਿਰਜੇ ਗਏ ਹਨ- ਸਿੱਖ ਇਤਿਹਾਸ ਅਤੇ ਆਜ਼ਾਦੀ ਦਾ ਇਤਿਹਾਸ ਆਦਿ। ਆਜ਼ਾਦੀ ਦਾ ਇਤਿਹਾਸ ਸਤਿਗੁਰੂ ਰਾਮ ਸਿੰਘ ਜੀ ਨੇ ਸ਼ੁਰੂ ਕੀਤਾ। ਨਾਮਧਾਰੀ ਬਹਾਦਰ ਸਿੱਖਾਂ ਨੇ ਰਾਇਕੋਟ, ਲੁਧਿਆਣੇ, ਅੰਮ੍ਰਿਤਸਰ ਆਪ ਹੱਸ-ਹੱਸ ਕੇ ਫਾਂਸੀਆਂ ਦੇ ਰੱਸੇ ਆਪਣੇ ਗਲਾਂ 'ਚ ਪਾਏ। ਇੱਥੇ ਹੀ ਬਸ ਨਹੀਂ, ਏਸ ਪਵਿੱਤਰ ਧਰਤੀ ਮਲੇਰਕੋਟਲੇ ਵਿੱਚ ਨਾਮਧਾਰੀ ਸਿੱਖ ਤੋਪਾਂ ਦੇ ਅੱਗੇ ਛਾਤੀਆਂ ਤਾਣ ਕੇ ਸ਼ਹੀਦ ਹੋ ਗਏ।

**ਸ. ਨਵਤੇਜ ਸਿੰਘ ਚੀਮਾ–** ਨੇ ਕਿਹਾ ਕਿ ਸਾਨੂੰ ਮਾਣ ਹੈ ਨਾਮਧਾਰੀ ਸ਼ਹੀਦਾਂ ਤੇ ਜਿਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਅਜ਼ਾਦ ਹਾਂ। ਸਾਡਾ ਅੱਜ ਸੈਸ਼ਨ ਚਲ ਰਿਹਾ ਸੀ। ਮੁੱਖ ਮੰਤਰੀ ਸਾਹਿਬ ਨੇ ਉਚੇਚੇ ਤੌਰ ਤੇ ਸਿਹਤ ਮੰਤਰੀ ਸ. ਬਲਬੀਰ ਸਿੰਘ ਜੀ ਨੂੰ ਤੇ ਮੈਨੂੰ ਇਥੇ ਭੇਜਿਆ ਹੈ। ਮੇਰੇ ਪਿਤਾ ਗੁਰਮੇਲ ਸਿੰਘ ਚੀਮਾਂ ਤੇ ਦਾਦਾ ਸੂਬਾ ਸੋਹਣ ਸਿੰਘ ਜੀ ਸਨ। ਮੈਂ ਨਾਮਧਾਰੀ ਪਰਿਵਾਰ ਵਿਚੋਂ ਹਾਂ, ਇਹ ਸਾਡਾ ਆਪਣਾ ਮੇਲਾ ਹੈ।

**ਸ. ਬਲਬੀਰ ਸਿੰਘ ਸਿੱਧੂ–** ਨੇ ਕਿਹਾ ਕਿ ਮੈਂ ਸਤਿਕਾਰ ਯੋਗ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਹੋਏ ਸ਼ਹੀਦਾਂ ਨੂੰ ਨਤਮਸਤਕ ਹੁੰਦਾ ਹਾਂ। ਇਸ ਮਹਾਨ ਸਾਕੇ ਦੀਆਂ ਬੇਮਿਸਾਲ ਕੁਰਬਾਨੀਆਂ ਹਨ। ਸ਼ਹੀਦ ਬਿਸ਼ਨ ਸਿੰਘ, ਸ਼ਹੀਦ ਵਰਿਆਮ ਸਿੰਘ ਵਰਗੇ ਮਹਾਨ ਸ਼ਹੀਦ। 1857 ਤੋਂ ਬਾਅਦ ਆਜ਼ਾਦੀ ਸੰਗਰਾਮ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਚੰਡ ਕੀਤਾ। ਜੇ ਦਸਮ ਪਾਤਸ਼ਾਹ ਜੀ ਨੇ ਸਰਬੰਸ ਦਾਨ ਕੀਤਾ ਤਾਂ ਉਸੇ ਤੋਂ ਪ੍ਰੇਰਣਾ ਲੈ ਕੇ ਨਾਮਧਾਰੀਆਂ ਨੇ ਕੁਰਬਾਨੀਆਂ ਕੀਤੀਆਂ। ਮੈਂ ਇਕ ਆਜ਼ਾਦੀ ਘੁਲਾਟੀਏ ਪਰਿਵਾਰ ਵਿਚੋਂ ਹਾਂ। ਮੈਂ ਆਖਦਾ ਹਾਂ ਕਿ ਸਰਕਾਰ ਨੇ ਸ਼ਹੀਦੀ ਸਮਾਰਕਾਂ ਦੀ ਉਸਾਰੀ ਭਾਵੇਂ ਕਿਸੇ ਸਰਕਾਰ ਨੇ ਕੀਤੀ, ਕੋਈ ਅਹਿਸਾਨ ਨਹੀਂ, ਫਰਜ਼ ਨਿਭਾਇਆ ਹੈ। ਇਹ ਸਾਡਾ ਫਰਜ਼ ਹੈ। 26000 ਬੰਦਾ ਅੱਤਵਾਦ ਦੌਰਾਨ ਮਾਰਿਆ ਗਿਆ, ਜੇ ਪੰਜਾਬ ਨੂੰ ਮੁੜ ਵੱਸਣ ਯੋਗ ਕੀਤਾ ਤਾਂ ਸ. ਬੇਅੰਤ ਸਿੰਘ ਨੇ, ਜਿਨ੍ਹਾਂ ਨੂੰ ਪ੍ਰੇਰਣਾ ਭੈਣੀ ਸਾਹਿਬ ਤੋਂ ਮਿਲੀ। ਸਾਡੀ ਸਰਕਾਰ ਵੱਲੋਂ ਸ੍ਰੀ ਭੈਣੀ ਸਾਹਿਬ ਵਿਚ ਹਾਕੀ ਦੇ ਗਰਾਊਂਡ ਵਿਚ ਟਰਫ ਲੱਗੇਗੀ। 10 ਲੱਖ ਸਰਕਾਰ ਵਲੋਂ ਦਿੱਤਾ ਜਾਵੇਗਾ। ਭੈਣੀ ਸਾਹਿਬ ਵਿਚਲੇ ਸਰਕਾਰੀ ਹਸਪਤਾਲ ਨੂੰ ਹੋਰ ਵਿਕਸਿਤ ਕਰਕੇ ਵਧੀਆ ਬਣਾਇਆ ਜਾਵੇਗਾ। ਮੈਂ ਸਤਿਗੁਰੂ ਉਦੇ ਸਿੰਘ ਜੀ ਦਾ ਧੰਨਵਾਦੀ ਹਾਂ ਜੋ ਮੈਨੂੰ ਇਥੇ ਹਾਜ਼ਰੀ ਭਰਨ ਦਾ ਸੁਭਾਗ ਬਖਸ਼ਿਆ ਹੈ। ਸਾਨੂੰ ਨਾਮਧਾਰੀ ਸਮਾਜ ਤੋਂ ਪ੍ਰੇਰਣਾ ਲੈਣੀ ਸਾਹੀਦੀ ਹੈ। ਨਾਮਧਾਰੀ ਸੀਡਜ ਤੇ ਸਾਹੀਵਾਲ ਨਸਲ ਵੀ ਇਸ ਸਮਾਜ ਦੀ ਵੱਡੀ ਦੇਣ ਹੈ।

**ਨਵਾਬ ਅਨਵਰ ਖਾਂ ਜੀ–** (ਹਾਅ ਦਾ ਨਾਅਰਾ ਮਾਰਨ ਵਾਲੇ ਪ੍ਰਵਾਰ ਚੋਂ ਹਨ) ਆਪ ਜੀ ਨੇ ਕਿਹਾ ਕਿ ਨਵਾਬ ਸ਼ੇਰ ਮੁਹੰਮਦ ਖਾਂ ਦੀ ਮੈਂ ਅੱਠਵੀਂ ਪੀੜੀ ਹਾਂ। ਇਸਲਾਮ ਜ਼ੁਲਮ ਦੇ ਖਿਲਾਫ ਹੈ। 1947 ਵੇਲੇ ਸਾਰੇ ਦੇਸ਼ ਵਿਚ ਕਤਲੋ ਗਾਰਦ ਹੋ ਰਹੀ ਸੀ ਪਰ ਮਲੇਰਕੋਟਲੇ ਅਮਨ ਅਮਾਨ ਰਿਹਾ। ਸਿੱਖ ਗੁਰੂਆਂ ਦੀ ਲੜਾਈ ਜ਼ਾਲਮ ਹਾਕਮਾਂ ਵਿਰੁੱਧ ਸੀ, ਨਾ ਕਿ ਮੁਸਲਮਾਨਾਂ ਵਿਰੁੱਧ ਸੀ। ਸਾਈਂ ਮੀਆਂ ਮੀਰ, ਪੀਰ ਬੁੱਧੂ ਸ਼ਾਹ, ਗਨੀ ਖਾਂ, ਨਬੀ ਖਾਂ, ਸਿੱਖਾਂ- ਮੁਸਲਮਾਨਾਂ ਦੀਆਂ ਸਾਂਝੀਆਂ ਕੜੀਆਂ ਹਨ।

**ਹਰਪਾਲ ਸਿੰਘ ਸੇਵਕ–** ਨੇ ਕਿਹਾ:

"ਉਨ੍ਹਾਂ ਦਾ ਜਿਕਰ ਹੁੰਦਿਆਂ ਐਵੇਂ ਨਹੀਂ ਸੀਸ ਝੁਕਦੇ।
ਹੋਏ ਨੇ ਮਾਣ ਹਾਸਲ ਤਲੀਆਂ ਤੇ ਸੀਸ ਧਰਕੇ"।

ਇਹ ਨਾਮਧਾਰੀ ਸ਼ਹੀਦ ਸਿੰਘ ਜਿੰਨਾਂ ਨੂੰ ਕੁਰਬਾਨੀ ਦੀ ਗੁੜਤੀ ਉਸ ਗੁਰਬਾਣੀ ਤੋਂ ਮਿਲੀ ਜਿਥੇ ਗੁਰੂ ਦੇ ਦਰ ਪ੍ਰਵਾਣ ਹੋਣ ਦੀ ਪਹਿਲੀ ਸ਼ਰਤ ਹੈ-

ਜਉ ਤਉ ਪ੍ਰੇਮ ਖੇਲਣ ਕਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਮਲੇਰਕੋਟਲੇ ਵੱਲ ਕੂਚ ਕਰਨ ਤੋਂ ਪਹਿਲਾਂ ਸ. ਹੀਰਾ ਸਿੰਘ ਨੇ ਕਿਹਾ ਸੀ ਕਿ ਸਾਨੂੰ ਗੁਰੂ ਤੇਗ ਬਹਾਦਰ ਜੀ ਦਾ ਦਰਸ਼ਨ ਹੁੰਦਾ ਹੈ ਉਹ ਹੁਕਮ ਕਰਦੇ ਹਨ, ਮਲੇਰਕੋਟਲੇ ਤੇ ਧਾਵਾ ਕਰੋ ਅਤੇ ਸ਼ਹੀਦੀਆਂ ਪ੍ਰਾਪਤ ਕਰੋ। ਦਸਮ ਪਾਤਸ਼ਹ ਦੇ ਸਾਹਿਬਜ਼ਾਦਿਆਂ ਅਤੇ ਅਨੇਕਾਂ ਸਿੰਘਾਂ ਦੀਆਂ ਕੁਰਬਾਨੀਆਂ ਤੋਂ ਆਪਣੇ ਗੌਰਵਮਈ ਸੂਰਬੀਰਤਾ ਦੇ ਇਤਿਹਾਸ ਤੋਂ ਪ੍ਰੇਰਣਾ ਲੈ ਕੇ ਨਾਮਧਾਰੀ ਸਿੰਘਾਂ ਨੇ ਕੁਰਬਾਨੀਆਂ ਦੇ ਉਹ ਕੀਰਤੀਮਾਨ ਸਥਾਪਿਤ ਕੀਤੇ ਕਿ ਵੀਹਵੀਂ ਸਦੀ ਵਿਚ ਬਰਤਾਨਵੀ ਸਾਮਰਾਜ ਵਿਰੁੱਧ ਜੂਝਣ ਵਾਲੀਆਂ ਜਥੇਬੰਦੀਆਂ, ਅਨੇਕਾਂ ਦੇਸ਼ ਭਗਤਾਂ ਲਈ ਸ਼ਹੀਦੀ ਸਾਕਾ ਮਲੇਰਕੋਟਲੇ ਪ੍ਰੇਰਣਾ ਸ੍ਰੋਤ ਬਣਿਆ, ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਇਹ ਸਿੰਘਨ ਕੀ ਰੀਤੀ ਵਰ ਹੈ।
ਸਸਤ੍ਰਨ ਕੀ ਮ੍ਰਿਤ ਤੇ ਨਹਿ ਡਰ ਹੈਂ॥

**ਮਹੰਤ ਹਰਪਾਲ ਦਾਸ ਜੀ-** ਨੇ ਕਿਹਾ ਕਿ ਸ਼ਹੀਦ ਸਾਡੀ ਕੌਮ ਦਾ ਸਰਮਾਇਆ ਹੁੰਦੇ ਹਨ। ਸਾਡੀ ਆਤਮਾ ਨੂੰ ਜਗਾਉਣ ਲਈ ਉਨ੍ਹਾਂ ਕੁਰਬਾਨੀਆਂ ਦਿੱਤੀਆਂ। ਕੀ ਅਸੀਂ ਉਨ੍ਹਾਂ ਤੋਂ ਪ੍ਰੇਰਣਾ ਲੈਂਦੇ ਹਾਂ? ਸਤਿਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਗੋਬਿੰਦ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਹਮੇਸ਼ਾਂ ਅਮਰ ਹਨ ਤੇ ਹਮੇਸ਼ਾਂ ਹਾਜਰ ਨਾਜਰ ਹਨ।

**ਰਾਸ਼ਟਰੀ ਸਿੱਖ ਸੰਗ ਤੋਂ ਵਲੋਂ ਸ. ਗੁਰਚਰਨ ਸਿੰਘ-** ਅਸੀਂ ਬਚਪਨ ਤੋਂ ਇਸ ਜਗ੍ਹਾ ਨਾਲ ਜੁੜੇ ਹੋਏ ਹਾਂ। ਮੇਰੇ ਪਿਤਾ ਜੀ ਮੈਨੂੰ ਉਂਗਲੀ ਫੜ ਕੇ ਏਥੇ ਲੈ ਕੇ ਆਉਂਦੇ ਸਨ। ਮੈਂ ਮਹੀਨੇ ਵਿੱਚ ਇੱਕ ਦੋ ਵਾਰ ਏਥੇ ਆਉਂਦਾ ਹੀ ਹਾਂ। ਮੈਂ ਕਰੀਬ 200 ਸਥਾਨਾਂ ਤੇ ਰਾਸ਼ਟਰੀ ਸਿੱਖ ਸੰਗਤ ਵੱਲੋਂ ਜਾ ਚੁੱਕਿਆ ਹਾਂ ਹਰ ਥਾਂ ਤੇ ਜਿੱਥੇ ਵੀ ਜਾਂਦਾ ਹਾਂ ਨਾਮਧਾਰੀ ਸ਼ਹੀਦਾਂ ਦਾ ਜਿਕਰ ਜਰੂਰ ਕਰਦਾ ਹਾਂ।

**ਸੁਵਰਨ ਸਿੰਘ ਵਿਰਕ-** ਨੇ ਕਿਹਾ 148 ਸਾਲ ਪਹਿਲਾਂ ਇਹ ਸਾਕਾ ਵਾਪਰਿਆ। 100 ਸਾਲ ਪਹਿਲਾਂ ਭਾਰਤ ਗੁਲਾਮ ਹੋ ਗਿਆ ਸੀ। 29 ਮਾਰਚ 1849 ਨੂੰ ਯੂਨੀਅਨ ਜੈਕ ਝੁਲਾਇਆ ਗਿਆ। ਪੰਜਾਬ ਦਾ ਮੁਸਲਮਾਨ 1750 ਤੋਂ ਗਊ ਮਾਸ ਖਾਣਾ ਛੱਡ ਚੁੱਕਾ ਸੀ। ਬੁੱਚੜਖਾਨੇ ਅੰਗ੍ਰੇਜ਼ ਨੇ ਬਣਾਏ। ਇਹ ਮਲੇਸ਼ ਨੰਦਨੋਂ ਆਏ, ਏਨਾਂ ਬੁੱਚੜ ਖਾਨੇ ਲਾਏ। ਬੁੱਚੜਖਾਨਿਆਂ ਤੇ ਹਮਲੇ ਕਰਕੇ ਕੂਕਿਆਂ ਨੇ ਅੰਗਰੇਜ਼ਾਂ ਦਾ ਵਿਰੋਧ ਕੀਤਾ ਸੀ। ਬਾਬਰ ਆਪਣੀ ਵਸੀਅਤ ਵਿਚ ਹਮਾਯੂੰ ਨੂੰ ਕਹਿੰਦਾ ਹੈ, ਇਹ ਹਿੰਦੂਆਂ ਦਾ ਦੇਸ਼ ਹੈ। ਜੋ ਗਊ ਨੂੰ ਮਾਤਾ ਕਹਿੰਦੇ ਹਨ। ਏਥੇ ਗਊ ਬੱਧ ਨਾ ਹੋਣ ਦੇਵੀਂ। ਵਿਰਕ ਜੀ ਨੇ ਕਿਹਾ ਕਿ ਗਿਆਨੀ ਗਿਆਨ ਸਿੰਘ ਜੀ ਨਾਮਧਾਰੀਆਂ ਬਾਰੇ ਲਿਖਦੇ ਹਨ ਕਿ "ਦਸਮੇਂ ਗੁਰੂ ਕੇ ਸਿੰਘ ਸਾਦਕ ਸਹੀ ਹੈਂ ਸਭ, ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।" ਨਾਮਧਾਰੀ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਪੱਕੇ ਸਿੱਖ ਹਨ। ਇਹਨਾਂ ਦਾ ਮੁੱਖ ਨਿਸ਼ਾਨਾ ਆਪਣਾ ਰਾਜ ਲੈਣਾ ਹੈ। ਇਹ ਆਪਣੇ ਗੁਰੂ ਤੋਂ ਬਿਨਾਂ ਕਿਸੇ ਦੇ ਗੁਲਾਮ ਨਹੀਂ ਰਹਿ ਸਕਦੇ। ਸਤਿਗੁਰੂ ਰਾਮ ਸਿੰਘ ਜੀ ਨੇ ਸਮਾਨੰਤਰ ਸਰਕਾਰ ਕਾਇਮ ਕੀਤੀ। ਜਿਸ ਵਿਚ ਉਨ੍ਹਾਂ ਅੰਗਰੇਜ਼ ਸਰਕਾਰ ਦੀ ਬਣਾਈ ਹਰ ਇਕ ਚੀਜ਼ ਦਾ ਬਾਈਕਾਟ ਕੀਤਾ ਤੇ ਸਵਦੇਸ਼ੀ ਦਾ ਨਾਅਰਾ ਮਾਰਿਆ।

ਉਪਰੰਤ ਮਲਕੀਤ ਸਿੰਘ ਦਾਖਾ, ਮੁਹੰਮਦ ਸਦੀਕ ਅਤੇ ਆਏ ਹੋਏ ਸਾਰੇ ਪੱਤਵੰਤੇ ਸੱਜਣਾਂ ਨੂੰ ਸਤਿਗੁਰੂ ਜੀ ਨੇ ਸਿਰੋਪਾਓ ਬਖਸ਼ ਕੇ ਨਿਵਾਜਿਆ। ਉਪਰੰਤ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦਿੱਤਾ। (ਨੋਟ: ਇਹ ਪੂਰਾ ਉਪਦੇਸ਼ ਇਸੇ ਪਰਚੇ ਦੇ ਪੰਨਾ 7 ਤੇ ਛਪਿਆ ਹੈ।) ਉਪਰੰਤ ਹਜੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਸ਼ਾਮ ਸਿੰਘ, ਸਰਮੁਖ ਸਿੰਘ ਆਦਿ ਨੇ ਕੀਰਤਨ ਕੀਤਾ। ਸੂਬਾ ਬਲਵਿੰਦਰ ਸਿੰਘ ਜੀ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ।

---

## ਸਤਿਗੁਰੂ ਜਗਜੀਤ ਜਗਜੀਤ ਸਿੰਘ ਅਤੇ ਮਾਤਾ ਚੰਦ ਕੌਰ ਜੀ ਦੀ ਯਾਦ 'ਚ ਜਾਲਖੇੜੀ ਵਿਖੇ ਸਿਮ੍ਰਤੀ ਸਮਾਗਮ

19 ਜਨਵਰੀ 2020:- ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬੋਂ ਚੱਲ ਕੇ ਜਾਲਖੇੜੀ ਦੇ ਨੇੜੇ ਹੀ ਰਜਿੰਦਰ ਨਗਰ ਵਿਖੇ ਸ. ਕੰਵਲਪ੍ਰੀਤ ਸਿੰਘ ਸਪੁੱਤਰ ਸ. ਮਹਿੰਦਰ ਸਿੰਘ ਦੇ ਘਰ ਚਰਨ ਪਾਏ ਅਤੇ ਏਸੇ ਘਰ ਹੀ ਲੰਗਰ ਛਕਿਆ। ਉਪਰੰਤ ਹਰਦਿਆਲ ਸਿੰਘ ਦੇ ਘਰ ਚਰਨ ਪਾ ਕੇ, ਸ. ਕੁਲਵੰਤ ਸਿੰਘ ਸਪੁੱਤਰ ਸ. ਕਰਨੈਲ ਸਿੰਘ ਸਪੁੱਤਰ ਸ. ਅਪਾਰ ਸਿੰਘ ਦੇ ਨਵੇਂ ਮਕਾਨ ਵਾਸਤੇ ਨੀਂਹ ਪੱਥਰ ਰੱਖਿਆ। ਜਾਲਖੇੜੀ ਵਿਖੇ ਰਣਜੀਤ ਸਿੰਘ ਸਪੁੱਤਰ ਸ. ਰਜਿੰਦਰ ਸਿੰਘ ਦੇ ਘਰ ਚਰਨ ਪਾਏ। ਹਰ ਘਰ ਵਿਚ

ਚਰਨ ਪਾਉਣ ਸਮੇਂ ਸ੍ਰੀ ਸਤਿਗੁਰੂ ਜੀ ਸਮੇਤ ਸਾਰੇ ਪਰਿਵਾਰ ਦੀ ਬੱਚਿਆਂ ਸੁੱਖ-ਸਾਂਦ ਪੁੱਛਦੇ, ਬੱਚੇ ਪੜ੍ਹਦੇ ਹਨ ਤਾਂ ਕੀ ਪੜ੍ਹਾਈ ਕਰ ਰਹੇ ਹਨ? ਅਤੇ ਅੰਮ੍ਰਿਤ ਵੇਲੇ ਉੱਠਣ, ਨਾਮ ਸਿਮਰਨ ਕਰਨ ਅਤੇ ਗੁਰਬਾਣੀ ਪੜ੍ਹਨ ਬਾਰੇ ਵੀ ਪ੍ਰੇਰਦੇ। ਉਪਰੰਤ ਸ. ਗੁਰਦੇਵ ਸਿੰਘ ਜਾਲਖੇੜੀ ਦੇ ਗ੍ਰਿਹ ਵਿਖੇ ਕਿਰਪਾ ਕੀਤੀ। ਵੱਡੇ ਸੁੰਦਰ ਪੰਡਾਲ ਵਿਚ ਭਰਪੂਰ ਸੰਗਤ ਦੇ ਇੱਕਠ ਵਿੱਚ ਜਥੇਦਾਰ ਗੁਰਲਾਲ ਸਿੰਘ ਤੇ ਜਥੇਦਾਰ ਕਮਾਲ ਸਿੰਘ ਦੇ ਜਥੇ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਕੌਤਕਾਂ ਬਾਰੇ ਚਾਨਣਾ ਪਾਇਆ। ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕਰਦਿਆਂ ਦੱਸਿਆ ਕਿ ਪੂਜਨੀਕ ਮਾਤਾ ਚੰਦ ਕੌਰ ਜੀ ਨੇ ਰੋਜ਼ਾਨਾ ਤੜਕੇ 2 ਵਜੇ ਇਸ਼ਨਾਨ ਕਰਕੇ ਨਾਮ ਸਿਮਰਨ ਕਰਦਿਆਂ ਲੰਗਰ ਦੀ ਸੇਵਾ ਕਰਨੀ। ਮਾਤਾ ਜੀ ਨੇ ਸਾਰੀ ਜਿੰਦਗੀ ਸਾਦਗੀ ਵਿਚ ਰਹਿੰਦਿਆਂ ਗੁਰੂ ਘਰ ਦੀ ਸੇਵਾ ਕਰਦਿਆਂ ਬਤੀਤ ਕੀਤੀ।

ਸੰਗਤਾਂ ਨੂੰ ਪਵਿੱਤਰ ਉਪਦੇਸ਼ ਦਿੰਦਿਆਂ ਸਤਿਗੁਰੂ ਉਦੇ ਸਿੰਘ ਜੀ ਨੇ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਨੇ ਨਾਮ ਸਿਮਰਨ ਅਤੇ ਗੁਰਮਤਿ ਕੀਰਤਨ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪੁਚਾਇਆ। ਉਹਨਾਂ ਹਰ ਜੀਅ ਪ੍ਰਤੀ ਰੋਜ਼ਾਨਾ ਇਕ ਘੰਟਾ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਆਪਣੇ ਬੱਚਿਆਂ ਨੂੰ ਸੂਰਜ ਚੜ੍ਹਨ ਤੋਂ ਪਹਿਲਾਂ ਉਠਾ ਕੇ ਸਣੇਕੇਸੀ ਇਸ਼ਨਾਨ ਕਰਵਾ ਕੇ ਗੁਰਬਾਣੀ ਪੜ੍ਹਨਾ ਲਾਜ਼ਮੀ ਸਿਖਾਓ। ਵਿਸ਼ਵ-ਸ਼ਾਂਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਨੇ ਕੀਤੀ। ਮੇਲੇ ਦੀ ਸੇਵਾ ਸ. ਗੁਰਦੇਵ ਸਿੰਘ ਜਾਲਖੇੜੀ ਅਤੇ ਰਜਿੰਦਰ ਨਗਰ ਦੀ ਸੰਗਤ ਨੇ ਬੜੇ ਚਾਅ ਨਾਲ ਕੀਤੀ।

(ਜਗ-ਬਾਣੀ ਵਿਚੋਂ ਧੰਨਵਾਦ ਸਹਿਤ)

---

## ਸ੍ਰੀ ਚਮਕੌਰ ਸਾਹਿਬ ਵਿਖੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਸ਼ਹੀਦੀ ਜੋੜ ਮੇਲਾ

22 ਦਿਸੰਬਰ 2019:- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਸ ਸਾਲ ਉਚੇਚੇ ਤੌਰ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ ਅਤੇ ਸ਼ਹੀਦ ਸਿੰਘਾਂ ਦੀ ਯਾਦ ਵਿੱਚ ਸ੍ਰੀ ਚਮਕੌਰ ਸਾਹਿਬ ਵਿੱਚ ਸ਼ਹੀਦੀ ਜੋੜ ਮੇਲਾ ਕਰਨ ਦਾ ਪ੍ਰੋਗਰਾਮ ਉਲੀਕਿਆ। ਇਹ ਸ਼ਹੀਦੀ ਜੋੜ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ੁਰੂ ਕੀਤਾ ਸੀ। ਚਮਕੌਰ ਸਾਹਿਬ ਵਿਖੇ ਵਿਸ਼ਵਕਰਮਾ ਮੰਦਰ ਦੀ ਪ੍ਰਬੰਧਕੀ ਕਮੇਟੀ ਨਾਲ ਤਾਲਮੇਲ ਕਰਕੇ ਵਿਸ਼ਵਕਰਮਾਂ ਮੰਦਰ ਦੇ ਵੱਡੇ ਹਾਲ ਵਿੱਚ ਸੰਗਤ ਦੇ ਬੈਠਣ ਦਾ ਪ੍ਰਬੰਧ ਕੀਤਾ ਜਾਣਾ ਸੀ। ਸਵਰਗਵਾਸੀ ਸੂਬਾ ਮਨੀ ਸਿੰਘ ਦੇ ਸਪੁੱਤਰ ਸੂਬਾ ਭੁਪਿੰਦਰ ਸਿੰਘ ਅਤੇ ਉਹਨਾਂ ਦਾ ਸਮੁੱਚਾ ਪਰਿਵਾਰ ਸਮੇਤ ਗੁਰਦੇਵ ਸਿੰਘ ਦੇ ਇਸ ਤਿਆਰੀ ਵਿੱਚ ਲੱਗੇ ਹੋਏ ਸਨ, ਜਿਹਨਾਂ ਦੀ ਅਗਵਾਈ ਕ੍ਰਿਪਾਲ ਸਿੰਘ ਚਮਕੌਰ ਸਾਹਿਬ M.C ਕਰ ਰਹੇ ਸਨ ਅਤੇ ਹਰ ਤਰ੍ਹਾਂ ਦਾ ਸਹਿਯੋਗ ਕਰ ਰਹੇ ਸਨ। ਮੇਲੇ ਦਾ ਸਾਰਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਗਿਆ।

22 ਦਸੰਬਰ 2019 ਮੁਤਾਬਿਕ 7 ਪੋਹ 2076 ਬਿਕ੍ਰਮੀ ਦਿਨ ਐਤਵਾਰ ਨੂੰ ਪ੍ਰੋਗਰਾਮ ਦੀ ਅਰੰਭਤਾ ਹੋਈ। ਸ੍ਰੀ ਭੈਣੀ ਸਾਹਿਬ ਤੋਂ ਨਿਹੰਗ ਸਾਹਿਬ ਸਿੰਘ ਨੇ ਕਥਾ ਕੀਤੀ ਉਪਰੰਤ ਜਥੇਦਾਰ ਕਮਾਲ ਸਿੰਘ ਭੈਣੀ ਸਾਹਿਬ ਨੇ ਹੱਲੇ ਦਾ ਦੀਵਾਨ ਸਜਾਇਆ ਤਾਂ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ 11:50 ਤੇ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮ ਸਿਮਰਨ ਦੀ ਅਰਦਾਸ ਹੋਈ ਤਾਂ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਉਪਰੰਤ ਉੱਘੇ ਵਿਦਵਾਨ ਸ. ਸੁਵਰਨ ਸਿੰਘ ਵਿਰਕ ਜੀ ਨੇ ਸ਼ਹੀਦਾਂ ਪ੍ਰਤੀ ਸਤਿਕਾਰ ਦੇ ਸ਼ਬਦ ਆਖੇ। ਪਿੰਡ ਬੀੜ ਗੁਰੂ ਕਾ, ਚੁਮਨਿ ਚੜਿਆਲ, ਸਸਰਾਲੀ ਕਲੋਨੀ ਅਤੇ ਰੋਪੜ ਤੋਂ ਸਾਧ ਸੰਗਤ ਨੇ ਮੇਲੇ ਵਿੱਚ ਹਾਜਰੀ ਭਰੀ।

ਅੰਤ ਵਿੱਚ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ, ਗੁਰਲਾਲ ਸਿੰਘ, ਈਸ਼ਰ ਸਿੰਘ ਅਤੇ ਸ਼ਾਮ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸੂਬਾ ਭੁਪਿੰਦਰ ਸਿੰਘ ਨੇ ਸਮੇਤ ਪਰਿਵਾਰ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਪਰਿਵਾਰ ਨੂੰ ਮੇਲੇ ਦੀ ਸੇਵਾ ਬਖਸ਼ਿਸ਼ ਕਰਨ 'ਤੇ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕੀਤਾ। ਵਿਸ਼ਵਕਰਮਾਂ ਮੰਦਿਰ ਕਮੇਟੀ ਦੇ ਪ੍ਰਬੰਧਕਾਂ ਦਾ ਸਨਮਾਨ ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਕੀਤਾ ਗਿਆ। ਵਾਪਸੀ ਸਮੇਂ ਸ. ਕ੍ਰਿਪਾਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ ਅਤੇ ਵਾਪਸ ਸ੍ਰੀ ਭੈਣੀ ਸਾਹਿਬ ਆਣ ਦਰਸ਼ਨ ਦਿੱਤੇ।

**ਰੀਪੋਟ- ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 204ਵਾਂ ਪ੍ਰਕਾਸ਼ ਪੁਰਬ ਸਮਾਗਮ ਦਿੱਲੀ

26 ਅਤੇ 27 ਜਨਵਰੀ 2020 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ 204 ਵਾਂ ਪ੍ਰਕਾਸ਼ ਪੁਰਬ ਸਮਾਗਮ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਸੰਗਤ ਦਿੱਲੀ ਨੇ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਵਿਖੇ ਬੜੀ ਸ਼ਰਧਾ ਨਾਲ ਮਨਾਇਆ। 26 ਜਨਵਰੀ ਸ਼ਾਮ 3.00 ਵਜੇ 5 ਤੋਂ 15 ਸਾਲ ਤੱਕ ਦੇ ਬੱਚਿਆਂ ਦੇ ਡਰਾਇੰਗ ਅਤੇ ਪਿਆਰਾ ਨਾਮਧਾਰੀ ਸਿੰਘ ਅਤੇ ਪਿਆਰੀ ਨਾਮਧਾਰੀ ਸਿੱਖਨੀ ਮੁਕਾਬਲੇ ਕਰਵਾਏ। ਜਿਸ ਵਿੱਚ 150 ਤੋਂ ਵੱਧ ਬੱਚਿਆ ਨੇ ਉਤਸਾਹ ਨਾਲ ਹਿੱਸਾ ਲਿਆ। ਰਾਗੀ ਮਨਜੀਤ ਸਿੰਘ ਜੀ ਅਤੇ ਸ੍ਰੀ ਭੈਣੀ ਸਾਹਿਬ ਤੋਂ ਆਏ ਰਾਗੀ ਜਥੇਦਾਰ ਗੁਰਲਾਲ ਸਿੰਘ ਜੀ ਨੇ ਦੀਵਾਨ ਲਗਾਇਆ। ਸਤਿਗੁਰੂ ਜੀ ਦੇ ਦਰਸ਼ਨ ਦੇਣ ਸਾਰ 5.15 ਤੇ ਨਾਮ ਸਿਮਰਨ ਦੀ ਅਰਦਾਸ ਹੋਈ। ਉਸ ਤੋਂ ਪਹਿਲਾਂ ਸਤਿਗੁਰੂ ਜੀ ਨੇ ਇਕਾਗਰ ਚਿੱਤ ਹੋ ਕੇ ਨਾਮ ਸਿਮਰਨ ਕਰਨ ਦਾ ਉਪਦੇਸ਼ ਕੀਤਾ, ਨਾਮ ਸਿਮਰਨ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਕਲਿਆਣ ਕਾਰੀ ਉਪਦੇਸ਼ ਚਲਾਏ ਗਏ।

ਉਪਰੰਤ ਸੂਬਾ ਬਲਵਿੰਦਰ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਲੋਕ ਭਲਾਈ ਲਈ ਕੀਤੇ ਪਰੋਪਕਾਰ ਸੰਗਤ ਸਾਮ੍ਹਣੇ ਰਖੇ, ਕਾਕਾ ਗੁਰਪ੍ਰੀਤ ਸਿੰਘ ਨੇ ਇਤਿਹਾਸਕ ਪੱਖ ਸੁਣਾਇਆ, ਗੁਰਮੁਖ ਸਿੰਘ ਅਨੇਜਾ ਜੀ ਨੇ ਇਕ ਕਵਿਤਾ ਪੜੀ। ਉਪਰੰਤ, ਡਾਕਟਰ ਮਹਿੰਦਰ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਮਾਜ ਨੂੰ ਦਿੱਤੀ ਸੇਧ ਬਾਰੇ ਗੱਲ ਕਰਦਿਆਂ ਨਾਮਧਾਰੀ ਕੀਰਤਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਸਤਿਗੁਰੂ ਉਦੇ ਸਿੰਘ ਜੀ ਦੁਆਰਾ ਨਾਮਧਾਰੀ ਸਮਾਜ ਦੇ ਸ਼ੁੱਧ ਸਰੂਪ ਨੂੰ ਨਿਰਲੇਪ ਰੱਖਣ ਦੀ ਗਲ ਵੀ ਕੀਤੀ।

ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਆਏ ਰਾਗੀ ਬਲਵੰਤ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਰਵਾਇਤੀ ਢੰਗ ਨਾਲ ਕੀਰਤਨ ਕੀਤਾ ਤਬਲੇ ਤੇ ਰਾਗੀ ਹਰਪ੍ਰੀਤ ਸਿੰਘ ਸੋਨੂੰ ਜੀ ਨੇ ਸੰਗਤ ਕੀਤੀ, ਜੱਥੇ ਚ ਦਿੱਲੀ ਤੋਂ ਰਾਗੀ ਬਸੰਤ ਸਿੰਘ ,ਰਾਗੀ ਸਾਜਨ ਸਿੰਘ ਆਦਿ ਨੇ ਸਾਥ ਦਿੱਤਾ। ਇਸੇ ਸਮੇਂ ਦੌਰਾਨ ਸ. ਪਰਮਜੀਤ ਸਿੰਘ ਸਰਨਾ, ਜਥੇ. ਅਵਤਾਰ ਸਿੰਘ ਹਿੱਤ, ਬੀਬੀ ਰਣਜੀਤ ਕੌਰ, ਜ. ਬਲਦੇਵ ਸਿੰਘ, ਸ. ਸਤਪਾਲ ਸਿੰਘ, ਸਮਹਿੰਦਰ ਸਿੰਘ ਭੁੱਲਰ, MLA ਜਰਨੈਲ ਸਿੰਘ, ਕੌਂਸਲਰ ਗੁਰਮੁਖ ਸਿੰਘ, MLA ਸ਼ਿਵ ਚਰਨ ਗੋਇਲ ਸਮੇਤ ਬਹੁਤ ਸਾਰੀਆਂ ਧਾਰਮਿਕ ਸਮਾਜਿਕ ਰਾਜਨੀਤਿਕ ਹਸਤੀਆਂ ਨੇ ਸ਼ਿਰਕਤ ਕੀਤੀ। ਰਾਤ 9 ਵਜੇ ਅੱਜ ਦੇ ਸਮਾਗਮ ਦੀ ਸਮਾਪਤੀ ਹੋਈ।

27 ਜਨਵਰੀ ਸਵੇਰੇ 5.00 ਵਜੇ ਤੋ 7.15 ਵਜੇ ਤੱਕ ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ ਜੀ ਨੇ ਜਥੇ ਸਹਿਤ ਕੀਤਾ, 21 ਪਾਠਾਂ ਦੇ ਭੋਗ ਪਾਏ ਗਏ ਰਾਗੀ ਮਨਜੀਤ ਸਿੰਘ ਜੀ ਤੋਂ ਗੁਰਬਾਣੀ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਦਿੱਲੀ ਦੀਆਂ ਬੱਚੀਆਂ ਨੇ ਬੀਬੀ ਨਰਿੰਦਰ ਕੌਰ ਦੀ ਦੇਖ ਰੇਖ 'ਚ ਸ਼ਲੋਕ ਪੜ੍ਹੇ। ਉਪਰੰਤ ਬੀਬੀ ਨਵਨੀਤ ਕੌਰ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਇਸਤਰੀ ਜਾਤੀ ਤੇ ਕੀਤੇ ਉਪਕਾਰਾਂ ਬਾਰੇ ਦੱਸਿਆ। ਦਿੱਲੀ ਦੇ ਨੌਜਵਾਨਾਂ ਅਤਰ ਸਿੰਘ, ਨਰੋਤਮ ਸਿੰਘ ਆਦਿ ਨੇ ਰਾਗ ਬਸੰਤ 'ਚ ਸ਼ਬਦ ਗਾਇਨ ਕੀਤਾ, ਬੀਬੀ ਹਰਮੀਤ ਕੌਰ ਅਤੇ ਡਾਕਟਰ ਸਤਵੰਤ ਕੌਰ ਮਠਾੜੂ ਨੇ ਕਵਿਤਾ ਪੜ੍ਹੀ, ਉਪਰੰਤ ਸ਼ਹੀਦ ਬਿਸ਼ਨ ਸਿੰਘ ਸਕੂਲ ਦੇ ਵਿਦਿਆਰਥੀਆਂ ਨੇ ਦੀਵਾਨ ਸਜਾਇਆ, ਸਕੂਲ ਦੀ ਮੈਨੇਜਮੈਂਟ ਵਲੋਂ ਦੱਸੇ ਗਏ ਹੋਣਹਾਰ ਵਿਦਿਆਰਥੀਆਂ ਨੂੰ ਸਤਿਗੁਰੂ ਜੀ ਨੇ ਇਨਾਮ ਬਖਸ਼ਿਸ਼ ਕੀਤੇ । ਸਤਿਗੁਰੂ ਉਦੇ ਸਿੰਘ ਜੀ ਨੇ ਕਲਿਆਣਕਾਰੀ ਉਪਦੇਸ਼ ਕਰਦਿਆਂ ਮਨ ਬਿਰਤੀ ਨੂੰ ਸਥਿਰ ਕਰ ਚੰਗੇ ਸਿੱਖ ਬਣਨ ਦਾ ਚਾਨਣ ਬਖ਼ਸ਼ਿਆ। ਜਿਸ ਨਾਲ ਸਾਡੇ ਮਨ ਵਿੱਚ, ਸੋਚ ਵਿੱਚ ਓਹ ਕੰਤ ਵੱਸੇ ਤੇ ਅਸੀਂ ਅਸਲ ਬਸੰਤ ਦਾ ਸੁਆਦ ਮਾਣ ਸਕੀਏ। ਆਪ ਜੀ ਪਾਠ ਕਰਨ ਅਤੇ ਨੌਜਵਾਨਾਂ ਨੂੰ ਅਖੰਡ ਵਰਨੀ 'ਚ ਰੌਲ ਲਾਉਣ ਦਾ ਵੀ ਹੁਕਮ ਕੀਤਾ। ਉਪਰੰਤ ਡਰਾਇੰਗ ਦੇ ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਗਏ। ਬਾਕੀ ਬੱਚਿਆਂ ਨੂੰ ਸ੍ਰੀ ਹੰਸਪਾਲ ਜੀ, ਮੰਗਲਜੀਤ ਸਿੰਘ, ਬੀਬੀ ਨਰਿੰਦਰ ਕੌਰ, ਸੂਬਾ ਅਰਵਿੰਦ ਸਿੰਘ ਜੀ ਨੇ ਇਨਾਮ ਦਿੱਤੇ। ਇਸ ਤਰ੍ਹਾਂ ਸਮਾਗਮ ਸਫਲਤਾ ਨਾਲ ਸੰਪੰਨ ਹੋਇਆ। ਇਸ ਸਮਾਗਮ ਦੀਆਂ ਪਿਛਲੇ ਕਈ ਦਿਨਾਂ ਤੋਂ ਤਿਆਰੀਆਂ ਚਲ ਰਹੀਆਂ ਸਨ, ਸੁੰਦਰ ਮੰਚ ਸਜਾਇਆ ਗਿਆ। ਜਿਸਦੀ ਸੋਭਾ ਵੇਖਦਿਆਂ ਹੀ ਬਣਦੀ ਸੀ। ਗੁਰਦੁਆਰੇ ਦੇ ਬਾਹਰਲੇ ਪਾਸੇ ਸਵਾਗਤੀ ਗੇਟ ਅਤੇ ਕੂਕਾ ਮੂਵਮੈਂਟ ਤੇ ਅਧਾਰਤ ਪ੍ਰਦਰਸ਼ਨੀ ਲਗਾਈ ਗਈ। ਸੰਤ ਸਾਧਾ ਸਿੰਘ ਜੀ ਦੀ ਅਗਵਾਈ 'ਚ ਲੰਗਰ ਦੀ ਸੇਵਾ ਟੀਮ ਨੇ ਆਪਣੀ ਸੇਵਾ ਨਿਭਾਈ, ਸੰਤ ਹਜ਼ਾਰਾ ਸਿੰਘ ਜੀ ਦੇ ਜਥੇ ਨੇ ਸੰਗਤ ਦੇ ਜੋੜੇ ਸੰਭਾਲਣ ਦੀ ਸੇਵਾ ਕੀਤੀ। ਹੋਰ ਨੌਜਵਾਨਾਂ ਨੇ ਵੀ ਦਿਨ ਰਾਤ ਸੇਵਾ ਕੀਤੀ। ਸਲੋਕਾਂ ਦੇ ਸਮੇਂ ਨਾਮਧਾਰੀ ਸੰਗਤ ਦਿੱਲੀ ਦੇ ਨੁਮਾਇੰਦਿਆ ਸੇਵਾਦਾਰਾਂ ਪਤਵੰਤੇ ਸਜਣਾਂ ਨੇ ਹੰਸਪਾਲ ਜੀ, ਸੂਬਾ ਅਰਵਿੰਦ ਸਿੰਘ ਜੀ, ਸੰਤ ਸਾਧਾ ਸਿੰਘ ਜੀ, ਜੁਝਾਰ ਸਿੰਘ, ਹਰਪਾਲ ਸਿੰਘ, ਰਸ਼ਪਾਲ ਸਿੰਘ, ਲਖਵਿੰਦਰ ਢੋਡਾ ਆਦਿ ਨਾਲ ਆਸਣ ਤੇ ਸੁਭਾਇਮਾਨ ਸਤਿਗੁਰੂ ਜੀ ਨੂੰ ਦਿੱਲੀ ਦੀ ਸੰਗਤ ਵੱਲੋਂ ਮੱਥਾ ਟੇਕ ਸਤਿਗੁਰੂ ਜੀ ਪਾਸੋਂ ਬਖਸ਼ਿਸ਼ ਮੰਗੀ ਕਿ ਆਪੋ 'ਚ ਪ੍ਰੇਮ ਪਿਆਰ ਅਤੇ ਕਿਰਪਾ ਬਣੀ ਰਹੇ, ਇਸੇ ਤਰ੍ਹਾਂ ਮੇਲੇ ਗੇਲੇ ਲੱਗਦੇ ਰਹਿਣ। ਸਟੇਜ ਸਕੱਤਰ ਦੀ ਸੇਵਾ ਦਾਸ ਨੇ ਨਿਭਾਈ ਅਤੇ ਰਹਿ ਗਈਆਂ ਖਾਮੀਆਂ ਲਈ ਸੰਗਤ ਤੋਂ ਖਿਮਾਂ ਦੀ ਅਰਜ਼ ਕੀਤੀ। ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ, ਸਾਹਿਬ ਪੁਰਾ, ਸ਼ਾਮ ਨਗਰ, ਰਘੁਬੀਰ ਨਗਰ, ਦੀ ਸੇਵਾਦਾਰ ਕਮੇਟੀ, ਸੰਗਤ ਜਮਨਾ ਪਾਰ, ਫਰੀਦਾਬਾਦ, ਸਹਿਬਾਬਾਦ ਦੇ ਸੇਵਾਦਾਰਾਂ ਵਲੋਂ ਸਾਰਿਆਂ ਦਾ ਧੰਨਵਾਦ, ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ।

**– ਹਰਪਾਲ ਸਿੰਘ ਸੋਧੀ**

## ਨਿਊਯਾਰਕ (ਅਮਰੀਕਾ) ਵਿਖੇ ਦਸਵਾਂ ਅਖੰਡ ਵਰਨੀ ਮੇਲਾ

2019-20 ਈ, ਨਾਮਧਾਰੀ ਸੰਗਤ (ਨਿਊਯਾਰਕ) ਵਲੋਂ ਨਾਮ-ਸਿਮਰਨ ਅਖੰਡ ਵਰਨੀ ਮੇਲਾ 29 ਦਿਸੰਬਰ 2019 ਤੋਂ 1 ਜਨਵਰੀ 2020 ਤੱਕ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ। ਨਾਮਧਾਰੀ ਸੰਗਤ (ਨਿਊਯਾਰਕ) ਦੇ ਪ੍ਰਬੰਧਕਾਂ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰਕੇ ਉਚੇਚੇ ਤੌਰ 'ਤੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਅਤੇ ਹਰਪ੍ਰੀਤ ਸਿੰਘ ਜੀ ਸੋਨੂੰ ਨੂੰ ਕੀਰਤਨ ਕਰਨ ਵਾਸਤੇ ਅਤੇ ਕਥਾ ਵਾਸਤੇ ਸੇਵਕ ਹਰਪਾਲ ਸਿੰਘ ਨੂੰ ਬੁਲਾਇਆ ਗਿਆ। ਇਸ ਤੋਂ ਬਿਨਾਂ ਸਤਿਗੁਰੂ ਰਾਮ ਸਿੰਘ ਚੇਅਰ (ਬਠਿੰਡਾ) ਦੇ ਚੇਅਰ ਪਰਸਨ ਡਾ. ਕੁਲਦੀਪ ਸਿੰਘ ਜੀ ਅਤੇ ਉਨ੍ਹਾਂ ਦੀ ਅਰਧਾਂਗਨੀ ਪ੍ਰਿੰਸੀਪਲ ਪਰਬਜੀਤ ਕੌਰ ਵੀ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਉਚੇਚੇ ਤੌਰ ਤੇ ਪਧਾਰੇ।

ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ਼ਾਮ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਸ੍ਰੀ ਹਰਪ੍ਰੀਤ ਸਿੰਘ ਦੇ ਨਾਲ ਸੰਤ ਸ਼ੇਰ ਸਿੰਘ, ਸਤਵੰਤ ਸਿੰਘ ਅਤੇ ਸ. ਦਲਜੀਤ ਸਿੰਘ (ਵਾਇਲਨ) ਰੋਜ਼ਾਨਾ ਕਰਦੇ ਰਹੇ। 29 ਦਿਸੰਬਰ ਨੂੰ ਆਸਾ ਦੀ ਵਾਰ ਦੇ ਭੋਗ ਉਪਰੰਤ ਮੰਚ ਸੰਚਾਲਕ ਸਰਮੁਖ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਦਿਸੰਬਰ 2010 ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਨਮਿੱਤ ਸਵਾ ਲੱਖ ਚੰਡੀ ਦੀ ਵਾਰ ਦੇ ਪਾਠ ਅਤੇ ਹਵਨ ਯੱਗ ਹੋ ਰਿਹਾ ਸੀ। ਉਸ ਸਮੇਂ ਨਿਊਯਾਰਕ ਦੀ ਸੰਗਤ ਵਲੋਂ ਸ੍ਰੀ ਸਤਿਗੁਰੂ ਜੀ ਦੀ ਦੇਹ ਅਰੋਗਤਾ ਨਮਿਤ ਕੁਝ ਦਿਨਾਂ ਲਈ ਨਾਮ-ਸਿਮਰਨ ਦੀ ਅਖੰਡ ਵਰਨੀ ਕੀਤੀ ਗਈ। ਅਖੰਡ ਵਰਨੀਂ ਦੇ ਦਿਨਾਂ ਦੌਰਾਨ ਐਸਾ ਅਨੰਦ ਮਈ ਸਤਿਜੁਗੀ ਵਾਤਾਵਰਨ ਬਣਿਆ ਕਿ ਇਹ ਸਮਾਗਮ ਹਰ ਵਰ੍ਹੇ ਕੀਤਾ ਜਾਣ ਲੱਗਾ। ਦਿਸੰਬਰ ਦੇ ਆਖਰੀ ਹਫ਼ਤੇ ਕਰਿਸਮਿਸ ਦੇ ਦਿਨਾਂ ਵਿਚ ਹੀ ਸਿੱਖ ਇਤਿਹਾਸ ਦੇ ਮਹਾਨ ਸ਼ਹੀਦੀ ਸਾਕੇ ਵਾਪਰੇ। ਸਰਬੰਸ ਦਾਨੀ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਪ੍ਰਵਾਰ ਅਤੇ ਸਿੰਘਾਂ ਸਹਿਤ ਅਨੰਦਪੁਰ ਦਾ ਕਿਲਾ ਛੱਡਣਾ, ਸਰਸਾ ਨਦੀ ਤੇ ਪ੍ਰਵਾਰ ਵਿਛੋੜਾ ਅਤੇ ਸੈਂਕੜੇ ਸਿੱਖਾਂ ਦੀਆਂ ਸ਼ਹੀਦੀਆਂ, ਚਮਕੌਰ ਸਾਹਿਬ ਦਾ ਯੁੱਧ, ਚਾਲੀ ਸਿੰਘਾਂ ਅਤੇ ਦੋਵੇਂ ਵੱਡੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਸਰਹਿੰਦ ਦਾ ਸਾਕਾ, ਦੋਵੇਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ। ਇਹ ਚਾਰ-ਦਿਨਾਂ ਨਾਮ-ਸਿਮਰਨ ਦੀ ਅਖੰਡ ਵਰਨੀ ਇਨ੍ਹਾਂ ਮਹਾਨ ਸ਼ਹੀਦੀ ਸਾਕਿਆਂ ਨੂੰ ਸਮਰਪਿਤ ਕੀਤੀ ਜਾਂਦੀ ਹੈ, ਜੋ ਕਿ ਇਹ ਦਸਵੀਂ ਅਖੰਡ-ਵਰਨੀਂ ਕੀਤੀ ਜਾ ਰਹੀ ਹੈ। ਇਸ ਨਾਲ ਬੱਚਿਆਂ ਵਿਚ ਏਨਾਂ ਉਤਸ਼ਾਹ ਹੈ ਕਿ ਪੰਜ ਛੇ ਸਾਲ ਦੇ ਬੱਚੇ-ਬੱਚੀਆਂ ਤੋਂ ਲੈ ਕੇ ਨੌਜਵਾਨ ਸਿੰਘ ਸਿੰਘਨੀਆਂ ਪੂਰੀ ਸੋਧ ਮਰਿਯਾਦਾ ਰੱਖ ਕੇ ਇਸ ਜਪ-ਸਮਾਗਮ ਵਿਚ ਭਾਗ ਲੈਂਦੇ ਹਨ।

ਆਸਾ ਦੀ ਵਾਰ ਉਪਰੰਤ ਕੜਾਹ ਪ੍ਰਸ਼ਾਦ ਰੱਖ ਕੇ ਧੂਪ, ਦੀਪ, ਕੁੰਭ ਸੰਯੁਕਤ ਅਖੰਡ ਵਰਨੀ ਦੀ ਅਰਦਾਸ ਸੁਖਦੇਵ ਸਿੰਘ ਜੀ ਨੇ ਕੀਤੀ। ਨਿਊਯਾਰਕ ਸ਼ਹਿਰ ਵਿਚ ਜਿਥੇ ਕੇਵਲ 35-40 ਪ੍ਰਵਾਰ ਨਾਮਧਾਰੀ ਸਿੰਘਾਂ ਦੇ ਹਨ। ਚਾਰ ਦਿਨਾਂ ਅਖੰਡ ਵਰਨੀ ਵਿਚ ਦੋ ਘੰਟੇ ਦੀ ਹਰ ਇਕ ਰੌਲ ਸਮੇਂ ਇਕ ਸਿਆਣੀ ਉਮਰ ਦਾ ਸਿੰਘ, ਇਕ ਟੀਨ ਏਜ਼ਰ ਨੌਜੁਆਨ ਅਤੇ ਇਕ ਬੱਚਾ ਬੈਠਦਾ, ਇਸੇ ਤਰ੍ਹਾਂ ਬੀਬੀਆਂ ਦੀ ਵਰਨੀ ਵਿਚ ਇਕ ਬੀਬੀ ਅਤੇ ਇਕ ਬੱਚੀ ਵੀ ਬੈਠਦੀ। ਅੰਮ੍ਰਿਤ ਛਕਕੇ ਸੋਧ ਰੱਖ ਕੇ ਸਭ ਰੌਲ ਲਾਉਂਦੇ ਹਨ। ਸੋਧ ਦਾ ਲੰਗਰ ਸਭ ਵਾਸਤੇ ਏਥੇ ਗੁਰਦੁਆਰੇ ਹੀ ਚਲਦਾ ਰਿਹਾ। 29 ਦਿਸੰਬਰ ਐਤਵਾਰ ਸ਼ਾਮ ਦੇ ਪ੍ਰੋਗਰਾਮ ਵਿਚ 5:30 ਤੋਂ 6:30 ਨਾਮ ਸਿਮਰਨ ਦੌਰਾਨ ਸੇਵਕ ਹਰਪਾਲ ਸਿੰਘ ਨੇ ਵਿਸਥਾਰ ਪੂਰਵਕ ਗੁਰਮਤਿ ਸਿਧਾਂਤ ਅਤੇ ਚਮਕੌਰ ਸਾਹਿਬ ਅਤੇ ਸਰਹੰਦ ਦੇ ਸ਼ਹੀਦੀ ਸਾਕਿਆਂ ਬਾਰੇ ਵਖਿਆਨ ਕੀਤਾ। ਨਿਤਨੇਮ ਦੀ ਅਰਦਾਸ ਉਪਰੰਤ ਅੱਜ ਦੇ ਸਮਾਗਮ ਵਿਚ ਆਏ ਪਤਵੰਤੇ ਸੱਜਣਾ 'ਚੋਂ ਕੁਝ ਵਿਸ਼ੇਸ਼ ਵਿਦਵਾਨਾਂ ਨੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਮੰਚ ਸੰਚਾਲਨ ਸਰਮੁਖ ਸਿੰਘ ਨੇ ਕੀਤਾ। ਸ੍ਰੀ ਸਤਨਾਮ ਸਿੰਘ ਪਰਮਾਰ ਅਤੇ ਬੀਬੀ ਪ੍ਰਿਤਪਾਲ ਕੌਰ ਸੰਪਾਦਕ ਸਪਤਾਹਿਕ 'ਪ੍ਰੀਤਨਾਮਾ' ਨੇ ਵਿਦਵਤਾ ਭਰਪੂਰ ਵਖਿਆਨ ਕੀਤਾ। ਮਾਸਟਰ ਮੋਹਨ ਸਿੰਘ ਅਤੇ ਸ੍ਰ. ਬਲਬੀਰ ਸਿੰਘ ਡਮੇਲੀ ਨੇ ਕ੍ਰਮਵਾਰ ਦਸਮ ਪਾਤਸ਼ਾਹ ਬਾਰੇ ਅਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਵਿਤਾਵਾਂ ਪੇਸ਼ ਕੀਤੀਆਂ। ਪ੍ਰਧਾਨ ਸਵਰਣ ਸਿੰਘ ਅਤੇ ਜਸਬੀਰ ਸਿੰਘ ਨੇ ਆਏ ਵਿਦਵਾਨਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਇਸ ਤੋਂ ਬਿਨਾਂ ਅੱਜ ਦੇ ਸਮਾਗਮ ਵਿਚ ਸ. ਮਨਮੋਹਨ ਸਿੰਘ ਪੁੰਨੀ, ਸ੍ਰੀ ਮਤੀ ਗੁਰਿੰਦਰ ਕੌਰ ਪੁੰਨੀ, ਮਾਸਟਰ ਨੌਰੰਗ ਸਿੰਘ ਅਤੇ ਮਾਸਟਰ ਰੇਸ਼ਮ ਸਿੰਘ ਡਮੇਲੀ ਵੀ ਉਚੇਚੇ ਤੌਰ 'ਤੇ ਪਧਾਰੇ। ਭਾਰਤ ਤੋਂ ਉਚੇਚੇ ਆਏ ਡਾ. ਕੁਲਦੀਪ ਸਿੰਘ ਅਤੇ ਪ੍ਰਿੰਸੀਪਲ ਪਰਬਜੀਤ ਕੌਰ ਜੀ ਵੀ

ਜੀ, ਸ੍ਰੀ ਹਰਪ੍ਰੀਤ ਸਿੰਘ ਨੇ ਅੱਜ ਬੀਰ ਰਸੀ ਕੀਰਤਨ ਕੀਤਾ। ਸੰਤ ਸ਼ੇਰ ਸਿੰਘ ਜੀ, ਸੰਤ ਦਲਜੀਤ ਸਿੰਘ ਅਤੇ ਸਤਵੰਤ ਸਿੰਘ ਵੀ ਕੀਰਤਨ ਵਿਚ ਸ਼ਾਮਲ ਹੋਏ। ਸਾਹਿਬ ਗੁਰੂ ਤੇਗ ਬਹਾਦੁਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਦਸਮ ਪਾਤਸ਼ਾਹ ਦਾ ਉਚਾਰਿਆ ਸ਼ਬਦ-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

ਉਪਰੰਤ ਦਸਮ ਪਾਤਸ਼ਾਹ ਦਾ ਹੀ ਬੀਰ-ਰਸੀ ਸ਼ਬਦ ਗਾਇਨ ਕੀਤਾ। ਇਸ ਸ਼ਬਦ ਨੂੰ ਸੁਰ-ਬਧ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ ਸੀ-

ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ॥

ਅਤੇ ਕਬੀਰ ਜੀ ਦਾ ਸ਼ਬਦ-

ਮਰਨੈ ਤੇ ਕਿਆ ਡਰਪਨਾ ਜਬ ਹਾਥਿ ਸਿਧਉਰਾ ਲੀਨ॥

ਗਾਇਨ ਕੀਤਾ। ਅਜਿਹਾ ਅਨੰਦ ਬਣਿਆ ਕਿ ਆਏ ਪਤਵੰਤੇ ਸੱਜਣ ਕਹਿ ਰਹੇ ਸਨ ਕਿ ਅਜਿਹਾ ਅਨੰਦ ਮਈ ਕੀਰਤਨ ਜੀਵਨ ਵਿਚ ਪਹਿਲੀ ਵੇਰ ਸੁਣਿਆ ਹੈ। ਅੱਜ ਦੇ ਸਮਾਗਮ ਦੀ ਕਵਰੇਜ਼ ਗਲੋਬਲ ਪੰਜਾਬ ਟੀ.ਵੀ. ਦੀ ਟੀਮ ਨੇ ਕੀਤੀ। 'ਪ੍ਰੀਤਨਾਮਾ' ਸਪਤਾਹਿਕ ਪੱਤਰ ਦੀ ਸੰਪਾਦਕ ਸ੍ਰੀ ਮਤੀ ਪ੍ਰਿਤਪਾਲ ਕੌਰ ਸਮਾਗਮ ਦੀ ਰਿਪੋਰਟਿੰਗ ਕਰਨ ਪੁੱਜੇ ਜੋ 1 ਤੋਂ 7 ਜਨਵਰੀ 2020 ਦੇ ਪਰਚੇ ਵਿਚ ਤਸਵੀਰਾਂ ਸਹਿਤ ਵਿਸਥਾਰ ਪੂਰਵਕ ਛਪੀ। ਅੱਜ ਦੇ ਸ਼ਹੀਦੀ ਸਮਾਗਮ ਦੀ ਸਮਾਪਤੀ ਉਪਰੰਤ ਲੰਗਰ ਵਰਤਾਇਆ ਗਿਆ।

30 ਦਿਸੰਬਰ 2019- ਹਜ਼ੂਰੀ ਰਾਗੀ ਜਥੇ ਵਲੋਂ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸੇਵਕ ਹਰਪਾਲ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਸਾਖੀਆਂ ਸੁਣਾਈਆਂ। ਅੱਜ ਅਖੰਡ ਵਰਨੀ ਵਿੱਚ ਇਕੋ ਸਮੇਂ ਦੋ ਵੱਡੇ, ਦੋ ਬੱਚੇ, ਦੋ ਬੀਬੀਆਂ ਅਤੇ ਦੋ ਬੱਚੀਆਂ ਰੌਲ ਤੇ ਬੈਠੀਆਂ ਸਨ। ਸ਼ਾਮ ਦੇ ਪ੍ਰੋਗਰਾਮ ਵਿਚ ਨਾਮ ਸਿਮਰਨ ਦੌਰਾਨ ਹਰਪਾਲ ਸਿੰਘ ਨੇ ਚਮਕੌਰ ਸਾਹਿਬ, ਸਰਹੰਦ ਸ਼ਹੀਦੀ ਸਾਕਿਆਂ ਬਾਰੇ ਅਤੇ ਬੰਦੇ ਬਹਾਦਰ ਅਤੇ ਉਸ ਦੇ ਸਾਥੀ ਸਿੰਘਾਂ ਦੀ ਸ਼ਹੀਦੀ ਬਾਰੇ ਵਖਿਆਨ ਕੀਤਾ। ਨਿਤਨੇਮ ਉਪਰੰਤ ਡਾ. ਕੁਲਦੀਪ ਸਿੰਘ ਜੀ ਨੇ 15 ਕੁ ਮਿੰਟਾਂ ਵਿਚ 18 ਵੀਂ ਸਦੀ ਦੇ ਸਿੱਖ ਸੰਘਰਸ਼, ਸਿੱਖ ਰਾਜ, ਅੰਗ੍ਰੇਜ਼ੀ ਰਾਜ ਅਤੇ ਸਤਿਗੁਰੂ ਰਾਮ ਸਿੰਘ ਜੀ ਤੋਂ ਸਤਿਗੁਰੂ ਜਗਜੀਤ ਸਿੰਘ ਜੀ ਤੱਕ ਦੇ ਨਾਮਧਾਰੀ ਇਤਿਹਾਸ ਬਾਰੇ ਭਾਵ-ਪੂਰਤ ਵਖਿਆਨ ਕੀਤਾ। ਹਜ਼ੂਰੀ ਰਾਗੀ ਜਥੇ ਨੇ ਰਾਗ ਪਟਦੀਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੁਰ-ਬਧ ਕੀਤੀ ਰੀਤ- 'ਹੇ ਸਭ ਗਊਅਨ ਕੇ ਰਖਵਾਰੇ।' ਗਾਇਨ ਕੀਤੀ।

ਮੰਚ ਸੰਚਾਲਕ ਸਰਮੁੱਖ ਸਿੰਘ ਨੇ ਦੱਸਿਆ ਕਿ ਸ. ਪਰਮਜੀਤ ਸਿੰਘ ਬਾਲਟੀਮੋਰ ਦੇ ਸੁਯੋਗ ਸਪੁੱਤਰ ਕਾਕਾ ਪਿਆਰਾ ਸਿੰਘ ਨੇ ਸਿੱਖੀ ਸਰੂਪ ਅਤੇ ਗੁਰਮੁਖੀ ਬਾਣੇ ਵਿਚ ਰਹਿੰਦਿਆਂ ਉੱਚ ਵਿਦਿਆ ਪ੍ਰਾਪਤ ਕਰਦਿਆਂ 97% ਨੰਬਰ ਲੈ ਕੇ ਮੈਰੀਲੈਂਡ ਸਟੇਟ 'ਚੋਂ ਪਹਿਲਾ ਸਥਾਨ ਹਾਸਲ ਕਰਕੇ ਨਾਮਧਾਰੀ ਸੰਗਤ ਦਾ ਮਾਣ ਵਧਾਇਆ ਹੈ। ਪ੍ਰਬੰਧਕ ਸੱਜਣਾਂ ਨੇ ਕਾਕਾ ਪਿਆਰਾ ਸਿੰਘ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

31 ਦਿਸੰਬਰ 2019- ਅੱਜ ਦੇ ਦਿਨ ਦਾ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੀ। ਆਸਾ ਦੀ ਵਾਰ ਉਪਰੰਤ ਸੇਵਕ ਹਰਪਾਲ ਸਿੰਘ ਨੇ 'ਗੁਰ ਮਿਲਿ ਚਜ ਅਚਾਰ ਸਿੱਖ'- ਵਿਸ਼ੇ ਤੇ ਵਖਿਆਨ ਕੀਤਾ। ਉਪਰੰਤ ਪ੍ਰਧਾਨ ਸਵਰਣ ਸਿੰਘ ਜੀ ਨੇ ਗੁਰੂ ਜੱਸ ਕੀਤਾ। ਸ਼ਾਮ ਦੇ ਨਾਮ ਸਿਮਰਨ ਸਮੇਂ ਵੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ਾਂ ਅਤੇ ਕੌਤਕਾਂ ਦਾ ਗੁਣ ਗਾਇਨ ਕੀਤਾ ਗਿਆ। ਹਜ਼ੂਰੀ ਰਾਗੀ ਜਥੇ ਨੇ ਰਾਗ ਭੂਪਾਲੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਣਾਈ ਰੀਤ-

ਹਾਰਿ ਹਾਰਿ ਥਕੇ ਸਭੈ ਨਹੀਂ ਪਾਈਐ ਤਿਹ ਪਾਰ॥

ਦਸਮ ਗੁਰਬਾਣੀ ਦੇ ਸ਼ਬਦ ਦਾ ਗਾਇਨ ਕੀਤਾ। ਕੀਰਤਨ ਉਪਰੰਤ ਸੰਤ ਬਲਵੰਤ ਸਿੰਘ ਜੀ ਨੇ ਸਤਨਾਮ ਸਿੰਘ ਕੋਮਲ ਜੀ ਦੀ ਅਤੇ ਸਿਮਰਜੀਤ ਕੌਰ ਸਿੰਮੀਂ ਦੀਆਂ ਨਜ਼ਮਾਂ ਦਾ ਗਾਇਨ ਕਰਕੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਸੰਗਤਾਂ ਨੂੰ ਵੈਰਾਗੀ ਕਰ ਦਿੱਤਾ। ਉਪਰੰਤ ਡਾ. ਕੁਲਦੀਪ ਸਿੰਘ ਜੀ ਅਤੇ ਸ. ਮਨਮੋਹਨ ਸਿੰਘ ਜੀ ਪੁੰਨੀ ਦੇ ਵਖਿਆਨ ਨਾਲ ਅੱਜ ਦਾ ਸਮਾਗਮ ਕਰੀਬ 9:30 ਸਮਾਪਤ ਹੋਇਆ।

1 ਜਨਵਰੀ 2020- ਚਾਰ ਦਿਨਾਂ ਦੇ ਸਮਾਗਮ ਦੇ ਆਖਰੀ ਦਿਨ ਦਾ ਆਰੰਭ 5 ਵਜੇ ਆਸਾ ਦੀ ਵਾਰ ਦੇ ਆਰੰਭ ਨਾਲ ਹੋਇਆ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਕੜ੍ਹਾਹ ਪ੍ਰਸ਼ਾਦ ਰੱਖ ਕੇ ਚਾਰ ਦਿਨਾਂ ਅਖੰਡ ਵਰਨੀ ਦੀ ਸੰਪੂਰਨਤਾ ਦੀ ਅਰਦਾਸ ਹੋਈ। ਸਰਮੁਖ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਦੱਸਿਆ ਕਿ ਇਸ ਵੇਰ ਬੱਚਿਆਂ ਵਿਚ ਏਨਾਂ ਉਤਸ਼ਾਹ ਹੈ ਕਿ ਰੌਲ ਲਾਉਣ ਵਾਲੇ ਬੱਚਿਆਂ ਦੀਆਂ ਲਿਸਟਾਂ ਉਨ੍ਹਾਂ ਆਪ ਬਣਾਈਆਂ ਅਤੇ ਦਿਨ ਰਾਤ ਇਕ ਕਰਕੇ ਨਾਮ ਸਿਮਰਨ ਕੀਤਾ। ਬੀਬੀ ਹਰਜੀਤ ਕੌਰ ਨੇ

ਕਵਿਤਾ ਗਾਈ–
ਬਾਬਰ ਦੇ ਘਰੇ ਹਨੇਰਾ ਏ, ਸਰਹੰਦ 'ਚ ਦੀਵੇ ਜਗਦੇ ਨੇ।
ਛੋਟੀਆਂ ਬੱਚੀਆਂ ਗਿਆਨ ਕੌਰ, ਗੁਰਦੇਵ ਕੌਰ ਨੇ ਗੀਤ ਗਾਇਆ–

"ਕਲਗੀ ਨਾ ਸੀਸ ਸੋਹੇ, ਹੱਥ ਬਾਜ ਤੋਂ ਖਾਲੀ ਏ॥
ਕੰਡਿਆਂ ਤੇ ਸੌਂ ਗਿਆ, ਦੁਨੀਆਂ ਦਾ ਵਾਲੀ ਏ॥"

ਬੀਬੀ ਰਾਜਬੀਰ ਕੌਰ ਨੇ ਕਵਿਤਾ ਪੜੀ–

'ਤੇਰੇ ਲਾਲ ਦੇ ਲਾਲਾਂ ਨਾਲ ਜੋ ਗੁਜਰੀ,
ਗੁਜਰੀ ਹੋਣੀ ਨਹੀਂ ਕਦੇ ਸੰਸਾਰ ਉੱਤੇ॥'

ਬੀਬੀ ਗੁਰਮੀਤ ਕੌਰ ਨੇ

'ਚੰਨ ਮਾਤਾ ਗੁਜਰੀ ਦਾ, ਜਿਹਦੇ ਚੰਦ ਜਿਹੇ ਚਾਰ ਸੀ ਦੁਲਾਰੇ॥'

ਕਵਿਤਾ ਪੇਸ਼ ਕੀਤੀ। ਉਪਰੰਤ ਬੀਬੀ ਸਿਮਰਜੀਤ ਕੌਰ ਸਿੰਮੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਵੈਰਾਗ ਮਈ ਨਜ਼ਮ ਪੇਸ਼ ਕੀਤੀ ਅਤੇ ਸੇਵਕ ਹਰਪਾਲ ਸਿੰਘ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਗੁਣ-ਗਾਇਨ ਕੀਤਾ। ਪ੍ਰਬੰਧਕ ਕਮੇਟੀ ਨੇ ਹਜ਼ੂਰੀ ਰਾਗੀ ਜਥੇ ਸੰਤ ਬਲਵੰਤ ਸਿੰਘ ਜੀ, ਹਰਪ੍ਰੀਤ ਸਿੰਘ ਜੀ ਸੋਨੂੰ ਅਤੇ ਸੇਵਕ ਹਰਪਾਲ ਸਿੰਘ, ਡਾ. ਕੁਲਦੀਪ ਸਿੰਘ ਅਤੇ ਪ੍ਰਿੰਸੀਪਾਲ ਪਰਬਜੀਤ ਕੌਰ ਨੂੰ ਸਨਮਾਨਿਤ ਕੀਤਾ। ਨਾਮ ਸਿਮਰਨ ਦੀ ਵਰਨੀ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਤੋਹਫ਼ੇ ਦੇ ਕੇ ਉਤਸ਼ਾਹਿਤ ਕੀਤਾ ਗਿਆ। ਸਿੰਘਾਂ ਅਤੇ ਬੀਬੀਆਂ ਦੀਆਂ ਗਰੁੱਪ ਤਸਵੀਰਾਂ ਲਈਆਂ ਗਈਆਂ। ਭਰਪੂਰ ਸੰਗਤ ਦੀ ਹਾਜਰੀ ਵਿਚ ਸਰਬੰਸ ਦਾਨੀ ਦਸਮ ਪਾਤਸ਼ਾਹ ਦੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਅਨੇਕਾਂ ਸਿੰਘਾਂ ਦੀਆਂ ਸ਼ਹੀਦੀਆਂ ਦੀ ਯਾਦ ਵਿਚ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੈਰਾਗਮਈ ਯਾਦ ਵਿਚ ਛੋਟੇ ਹੋਲੇ-ਮਹੱਲੇ ਵਰਗਾ ਚਾਰ ਦਿਨਾ ਮੇਲਾ ਭਗਤੀ ਭਾਵ ਨਾਲ ਸੰਪੂਰਨ ਹੋਇਆ। ਸਾਰੇ ਮੇਲੇ ਦੀ ਫੇਸਬੁੱਕ ਅਤੇ ਯੂ-ਟਿਊਬ ਤੇ ਲਾਈਵ ਟੈਲੀਕਾਸਟ ਕਰਨ ਅਤੇ ਸਟਿਲ ਫੋਟੋਗਰਾਫੀ ਕਰਨ ਦੀ ਸੇਵਾ ਸੁਦਰਸ਼ਨ ਸਿੰਘ ਨੇ ਬੜੀ ਤਨਦੇਹੀ ਨਾਲ ਨਿਭਾਈ। ਮੇਲੇ ਦੇ ਪ੍ਰਬੰਧ ਵਿਚ ਸ. ਸਵਰਣ ਸਿੰਘ, ਜਸਬੀਰ ਸਿੰਘ, ਸੁਖਦੇਵ ਸਿੰਘ, ਅਵਤਾਰ ਸਿੰਘ ਅਤੇ ਪਰਮਜੀਤ ਸਿੰਘ ਬਾਲਟੀਮੋਰ, ਰਵਿੰਦਰ ਸਿੰਘ, ਗੁਰਿੰਦਰ ਸਿੰਘ ਭਾਰਤੀ ਅਤੇ ਰਵਿੰਦਰ ਸਿੰਘ ਫਿਲਾਡਲਫੀਆ ਆਦਿ ਦੀ ਸੇਵਾ ਵਰਨਣ ਯੋਗ ਹੈ।

**–ਹਰਪਾਲ ਸਿੰਘ ਸੇਵਕ**

# ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ

2 ਦਿਸੰਬਰ 2019- ਸ੍ਰੀ ਭੈਣੀ ਸਾਹਿਬ:- ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ 2 ਦਸੰਬਰ 2019 ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਮਨਾਇਆ ਗਿਆ। ਪ੍ਰੋਗਰਾਮ ਸ਼ਾਮੀਂ ਪੰਜ ਵਜੇ ਆਰੰਭ ਹੋਇਆ। ਸਭ ਤੋਂ ਪਹਿਲਾ ਜਸਵੰਤ ਸਿੰਘ ਮਸਤ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਰਾਜਨੀਤਿਕ ਜੀਵਨ ਬਾਰੇ ਬੋਲਦਿਆਂ ਕਿਹਾ ਕਿ ਗੁਰੂ ਜੀ ਦੀ ਫੈਸਲੇ ਲੈਣ ਦੀ ਯੋਗਤਾ ਉਹਨਾਂ ਨੂੰ ਦੁਨੀਆਂ ਦਾ ਸ੍ਰੇਸ਼ਟ ਨੀਤੀ-ਵੇਤਾ ਸਾਬਿਤ ਕਰਦੀ ਹੈ। ਭਜਨ ਸਿੰਘ ਨੇ ਗੁਰੂ ਗੋਬੰਦ ਸਿੰਘ ਜੀ ਦੀ ਰਚਨਾ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਬਾਰੇ ਬੋਲਦਿਆਂ ਦੱਸਿਆ ਕਿ ਵੱਖ-ਵੱਖ ਬਾਣੀਆਂ ਦੀ ਰਚਨਾ ਕਿੰਨਾਂ ਸਿਧਾਂਤਾਂ ਨੂੰ ਮੁੱਖ ਰੱਖ ਕੇ ਕੀਤੀ ਗਈ ਹੈ। ਰਣਜੀਤ ਸਿੰਘ ਅਤੇ ਗੁਰਭਗਤ ਸਿੰਘ ਨੇ ਕਵੀਸ਼ਰੀ ਛੰਦ ਰਾਹੀਂ ਆਪਣੀ ਹਾਜ਼ਰੀ ਲਵਾਈ। ਉਪਰੰਤ ਕਮਾਲ ਸਿੰਘ ਨੇ ਗੁਰੂ ਜੀ ਦੇ ਵੱਖ-ਵੱਖ ਪੱਖਾਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਇਸ ਤੋਂ ਬਾਅਦ ਸੰਤ ਗੁਰੂਬਚਨ ਸਿੰਘ ਜੀ ਨੇ ਗੁਰੂ ਜੀ ਦੇ ਜੀਵਨ ਨਾਲ ਸਬੰਧਿਤ ਵੱਖ-ਵੱਖ ਘਟਨਾਵਾਂ ਨੂੰ ਬਿਆਨ ਕੀਤਾ ਅੰਤ ਸੰਤ ਨਿਸ਼ਾਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸਿਧਾਤਾਂ ਦੀ ਵਿਆਖਿਆ ਕੀਤੀ। ਇਸ ਸਮੇਂ ਦੌਰਾਨ ਹੀ ਵੱਖ ਵੱਖ ਕਵੀਆਂ ਨੇ ਆਪਣੀ ਕਵਿਤਾ ਨਾਲ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਵਰਨਣ ਕੀਤੀ। ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ, ਹਜ਼ਾਰਾ ਸਿੰਘ ਮੰਡ, ਰਜਿੰਦਰ ਕੌਰ ਪੰਨੂ ਅਤੇ ਕੁਝ ਬਾਲ ਕਵੀਆਂ ਨੇ ਆਪਣੀ ਹਾਜ਼ਰੀ ਲਵਾਈ। ਇਹ ਪ੍ਰੋਗਰਾਮ ਤਕਰੀਬਨ ਸਾਢੇ ਤਿੰਨ ਘੰਟੇ ਚਲਦਾ ਰਿਹਾ। ਸਤਿਗੁਰੂ ਜੀ ਦੇ ਦਰਸ਼ਨ ਦਾ ਲਾਹਾ ਜਿਥੇ ਸੰਗਤ ਨੇ ਲਿਆ ਉਥੇ ਗੁਰ-ਇਤਿਹਾਸ ਵੀ ਸਰਵਣ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਗੁਰਲਾਲ ਸਿੰਘ ਨੇ ਬਾਖੂਬੀ ਨਿਭਾਈ।

**–ਗੁਰਲਾਲ ਸਿੰਘ**

## ਪਿੰਡ ਦੌਲਤਪੁਰ (ਪਟਿਆਲਾ) ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਮੇਲਾ

ਪੰਜਾਬੀ ਯੂਨਿਵਰਸਿਟੀ ਪਟਿਆਲੇ ਦੀ ਛਿਪਦੇ ਪਾਸੇ ਗੁਆਂਢ ਵਿੱਚ ਵੱਸਦਾ ਹੈ ਪਿੰਡ ਦੌਲਤਪੁਰ, ਜਿਸ ਨਗਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਹੈ। ਜਿਥੇ ਆਪ ਜੀ ਨੇ 1998 ਵਿਚ ਮੇਲੇ ਸਮੇਂ ਦਰਸ਼ਨ ਦੇ ਕੇ ਸਾਧ ਸੰਗਤ ਨੂੰ ਨਿਵਾਜਿਆ ਸੀ। ਦੌਲਤਪੁਰ ਨਿਵਾਸੀ ਸ. ਮਹਿੰਦਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਦੇ ਅਰਜ਼ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ 24 ਦਸੰਬਰ 2019 ਮੁਤਾਬਿਕ 9 ਪੋਹ 2076 ਬਿਕ੍ਰਮੀ ਦਿਨ ਮੰਗਲਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਬਾਅਦ 9 ਵੱਜ ਕੇ 30 ਮਿੰਟ ਤੇ ਚਾਲੇ ਪਾਏ। ਪਟਿਆਲਾ ਸ਼ਹਿਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਸ਼ਰਧਾਵਾਨ ਸਿੱਖ ਮੇਜਰ ਓਮ ਪ੍ਰਕਾਸ਼ ਜੀ ਦੇ ਘਰ ਮਾਡਲਟਾਊਨ ਵਿਖੇ ਚਰਨ ਪਾਉਣ ਦੀ ਕ੍ਰਿਪਾ ਕੀਤੀ। ਮੇਜਰ ਸਾਹਿਬ ਨੇ ਸਮੇਤ ਪਰਿਵਾਰ ਸਰਧਾ ਸਤਿਕਾਰ ਸਹਿਤ ਭੇਟਾ ਧਰ ਮੱਥਾ ਟੇਕਿਆ ਅਤੇ ਪਰਿਵਾਰ ਬਾਰੇ ਅਰਜ ਬੇਨਤੀ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨਾਮਧਾਰੀ ਪੰਥ ਦੇ ਮਹਾਨ ਵਿਦਵਾਨ ਸੰਤ ਨਿਧਾਨ ਸਿੰਘ ਆਲਿਮ ਜੀ ਦੇ ਸਪੁੱਤਰ ਸ. ਟਿੱਕਾ ਤਿਰਲੋਚਨ ਸਿੰਘ ਦੇ ਘਰ ਦਰਸ਼ਨ ਦਿੱਤੇ ਅਤੇ ਪਰਿਵਾਰ ਦੀ ਸੁੱਖਸਾਂਦ ਅਤੇ ਹਾਲ ਚਾਲ ਪੁੱਛਿਆ। ਇਥੋਂ ਹੀ ਗੁਰਬਖਸ਼ ਕਲੋਨੀ ਪਟਿਆਲਾ ਵਿਖੇ ਸ. ਗੁਰਦੇਵ ਸਿੰਘ ਬਾਜਵਾ ਦੇ ਘਰ ਚਰਨ ਪਾਏ, ਬਾਜਵਾ ਕਲੋਨੀ ਵਿਖੇ ਸ੍ਰੀ ਵਿਜੇ ਵਿਲਾਸ ਜੀ ਅਤੇ ਅਮਨ ਨਗਰ ਵਿਖੇ ਸ. ਸੁਖਦੇਵ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਪਿੰਡ ਦੌਲਤਪੁਰ ਵਿਖੇ ਪਹੁੰਚਣ 'ਤੇ ਨਾਮਧਾਰੀ ਨੌਜਵਾਨਾਂ ਨੇ ਮੋਟਰ ਸਾਇਕਲਾਂ ਤੇ ਕਾਫਲੇ ਦੇ ਰੂਪ ਵਿਚ ਚਿੱਟੀਆਂ ਝੰਡੀਆਂ ਨਾਲ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਪੰਡਾਲ ਦੇ ਰਸਤੇ ਨੂੰ ਫੁੱਲਾਂ ਦੀਆਂ ਲੜੀਆਂ ਨਾਲ ਸਜਾਇਆ ਗਿਆ ਸੀ। ਸੰਗਤ ਵਿਚ ਚਾਅ ਅਤੇ ਉਤਸ਼ਾਹ ਸੀ। ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿਚ ਦਰਸ਼ਨ ਦਿੱਤੇ ਤਾਂ ਸੂਬਾ ਸੰਦੀਪ ਸਿੰਘ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਫੇਰ ਦੌਲਤਪੁਰ ਦੇ ਬੱਚਿਆਂ ਨੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਦੀਵਾਨ ਸਜਾਇਆ। ਸਾਧ ਸੰਗਤ ਨੇ ਕਤਾਰਾਂ ਵਿਚ ਸ਼ਰਧਾ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਨਾਮਧਾਰੀ ਸ਼ੈਲੀ ਵਿਚ ਸੰਗਤਾਂ ਨੂੰ ਗੁਰੂ ਜਸ ਸਰਵਨ ਕਰਵਾਇਆ। ਸਮਾਪਤੀ ਸਮੇਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਆਪਣੇ ਪਵਿੱਤਰ ਉਪਦੇਸ਼ ਵਿਚ ਬੱਚਿਆਂ ਨੂੰ ਗੁਰ ਸਿੱਖੀ ਨਾਲ ਜੁੜਨ ਦਾ ਹੁਕਮ ਕੀਤਾ। ਬੱਚਿਆਂ ਨੂੰ ਗੁਰਮੁਖੀ (ਪੰਜਾਬੀ) ਪੜ੍ਹਨ ਅਤੇ ਗੁਰਬਾਣੀ ਦਾ ਪਾਠ ਕਰਨ ਦੇ ਹੁਕਮ ਨਾਲ ਅੰਮ੍ਰਿਤ ਵੇਲੇ ਸਣੇਕੇਸੀਂ ਇਸ਼ਨਾਨ ਕਰਨ ਦਾ ਉਪਦੇਸ਼ ਦਿੱਤਾ। ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਹੋਈ। ਇਸ ਸਮੇਂ ਸੂਬਾ ਤਰਨਜੀਤ ਸਿੰਘ ਘਿਓਰਾ ਵੀ ਮੌਜੂਦ ਸਨ। ਅੱਜ ਦਾ ਇਹ ਮੇਲਾ ਦੌਲਤਪੁਰ ਨਿਵਾਸੀ ਸਾਧ ਸੰਗਤ ਸਮੇਤ ਸ.ਮਹਿੰਦਰ ਸਿੰਘ ਪੁੱਤਰ ਸ਼ਿੰਗਾਰਾ ਸਿੰਘ ਜੀ ਵੱਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਪੂਜਨੀਕ ਮਾਤਾ ਚੰਦ ਕੌਰ ਦੀ ਯਾਦ ਵਿਚ ਕਰਵਾਇਆ ਗਿਆ। ਇਲਾਕਾ ਨਿਵਾਸੀ ਸਾਧ ਸੰਗਤ ਹੁਮ ਹੁਮਾ ਕੇ ਮੇਲੇ ਵਿਚ ਹਾਜਰੀ ਭਰੀ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਦੌਲਤਪੁਰ ਵਿਖੇ ਸੋਹਨ ਸਿੰਘ, ਮਹਿੰਦਰ ਸਿੰਘ, ਬਲਦੇਵ ਸਿੰਘ, ਜੋਗਿੰਦਰ ਸਿੰਘ, ਜਰਨੈਲ ਸਿੰਘ, ਬਲਬੀਰ ਸਿੰਘ, ਕਰਨੈਲ ਸਿੰਘ, ਰਵੇਲ ਸਿੰਘ, ਅਮਰੀਕ ਸਿੰਘ ਅਤੇ ਸ. ਬੂਟਾ ਸਿੰਘ, ਪੰਜਾਬ ਸਿੰਘ, ਸਾਹਿਬ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕ੍ਰਿਪਾ ਕੀਤੀ। ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਅੱਜ ਦਾ ਮੇਲਾ ਇਤਿਹਾਸਿਕ ਅਤੇ ਯਾਦਗਾਰੀ ਬਣ ਗਿਆ।

**ਰੀਪੋਟ- ਸੂਬਾ ਬਲਵਿੰਦਰ ਸਿੰਘ ਝੱਲ**

## ਖੇਡ ਦਿਵਸ ਸਮਾਰੋਹ (2019-2020)

7 ਦਿਸੰਬਰ 2019 ਦਿੱਲੀ- ਬੱਚਿਆਂ ਦੇ ਬਹੁਮੁਖੀ ਵਿਕਾਸ ਅਤੇ ਰੁਚੀ ਨੂੰ ਮੁੱਖ ਰੱਖਦੇ ਹੋਏ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸਕੈਂਡਰੀ ਸਕੂਲ ਵੱਲੋਂ ਦਿਨ ਸ਼ਨੀਵਾਰ ਮਿਤੀ 7-12-19 ਨੂੰ ਸਕੂਲ ਦੇ ਸਾਹਮਣੇ ਖੇਡ ਮੈਦਾਨ ਵਿੱਚ ਬੜੀ ਹੀ ਧੂਮਧਾਮ ਨਾਲ ਖੇਡ ਦਿਵਸ ਮਨਾਇਆ ਗਿਆ। ਇਸ ਦਿਨ ਸਕੂਲ ਦੇ ਚੇਅਰਮੈਨ ਸ਼੍ਰੀ ਐਚ.ਐਸ.ਹੰਸਪਾਲ ਜੀ, ਡਾਇਰੈਕਟਰ ਸ਼੍ਰੀ ਮਤੀ ਸਤਵੰਤ ਕੌਰ ਅਤੇ ਸਕੂਲ ਦੀ ਪ੍ਰਿੰਸੀਪਲ ਸ਼੍ਰੀ ਮਤੀ ਪੂਜਾ ਸਿੰਗਲ ਜੀ ਨੇ ਮੁੱਖ ਮਹਿਮਾਨ ਸ਼੍ਰੀ ਮਤੀ ਵੀਨਾ ਵਿਰਮਾਨੀ ਜੀ ਦਾ ਸੁਆਗਤ ਕਰਦੇ ਹੋਏ ਇਸ ਖੇਡ ਦਿਵਸ ਦੀ ਸ਼ੁਰੂਆਤ ਕਰਵਾਈ। ਖੇਡਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ। ਪ੍ਰਾਇਮਰੀ, ਮਿਡਲ ਤੇ ਸੀਨੀਅਰ ਸੈਗਮੈਂਟ। ਬੱਚਿਆਂ ਨੇ 100 ਮੀਟਰ ਦੀ ਰੇਸ, ਸੈਕ ਰੇਸ, ਨੀਂਬੂ ਚੱਮਚ ਰੇਸ ਤੇ ਰੱਸਾਕਸ਼ੀ ਆਦਿ ਖੇਡਾਂ ਵਿੱਚ ਭਾਗ ਲਿਆ। ਸੀਨੀਅਰ ਸੈਗਮੈਂਟ ਦੇ ਬੱਚਿਆਂ ਨੇ ਕ੍ਰਿਕੇਟ ਵੀ ਖੇਡਿਆ। ਸਾਰੇ ਬੱਚਿਆਂ ਨੇ ਬੜੇ ਹੀ ਉਤਸ਼ਾਹ ਨਾਲ ਹਰ ਖੇਡ ਵਿੱਚ ਭਾਗ ਲਿਆ। ਖੇਡਾਂ ਦੀ ਸਮਾਪਤੀ ਤੇ ਜੇਤੂ ਬੱਚਿਆਂ ਨੂੰ ਸਰਟੀਫੀਕੇਟ ਦਿੱਤੇ ਗਏ। ਸਕੂਲ ਦੇ ਸਾਰੇ ਹੀ ਬੱਚਿਆਂ ਨੇ ਇਸ ਦਿਨ ਦਾ ਪੂਰਾ ਅਨੰਦ ਲਿਆ। ਪ੍ਰੋਗਰਾਮ ਦੇ ਅਖੀਰ ਵਿੱਚ ਸਕੂਲ ਦੇ ਕਈ ਅਧਿਆਪਕਾਂ ਨੇ ਵੀ ਕਈ ਖੇਡਾਂ ਵਿੱਚ ਭਾਗ ਲਿਆ। ਇਸ ਤਰ੍ਹਾਂ ਹੱਸਦੇ ਖੇਡਦੇ ਹੋਏ ਖੇਡ ਦਿਵਸ ਸਮਾਰੋਹ ਸੰਪੰਨ ਹੋਇਆ।

## ਜਿਲਾ ਗੁਰਦਾਸਪੁਰ ਦੇ ਪਿੰਡ ਪਿੰਡੀ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿਚ ਮੇਲਾ

30 ਦਿਸੰਬਰ 2019 ਪਿੰਡੀ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਾਜੀ ਅਤੇ ਨਿਵਾਜੀ ਸਾਧ ਸੰਗਤ ਦੇ ਮਨ ਦੀ ਇਹੀ ਭਾਵਨਾ ਹੁੰਦੀ ਹੈ ਕਿ ਜੋ ਬਖਸ਼ਿਸ਼ਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਮੁੱਚੇ ਨਾਮਧਾਰੀ ਪੰਥ 'ਤੇ ਕੀਤੀਆਂ ਹਨ। ਉਹ ਬਖਸ਼ਿਸ਼ਾਂ ਹਮੇਸ਼ਾ ਲਈ ਉਸੇ ਤਰ੍ਹਾਂ ਹੀ ਬਣੀਆਂ ਰਹਿਣ। ਇਸੇ ਭਾਵਨਾਂ ਨੂੰ ਮੁੱਖ ਰੱਖਦੇ ਹੋਏ ਸਾਧ ਸੰਗਤ ਵਰਤਮਾਨ ਸ੍ਰੀ ਸਤਿਗੁਰੂ ਜੀ ਉਦੇ ਸਿੰਘ ਜੀ ਦੇ ਚਰਨਾਂ ਵਿਚ ਅਰਜ ਬੇਨਤੀਆਂ ਕਰਦੀ ਰਹਿੰਦੀ ਹੈ ਕਿ ਸ੍ਰੀ ਸਤਿਗੁਰੂ ਜੀ ਉਹਨਾਂ ਦੇ ਇਲਾਕੇ ਵਿਚ ਦਰਸ਼ਨ ਦੇਣ ਦੀ ਕ੍ਰਿਪਾ ਕਰਨ। ਇਸੇ ਤਰ੍ਹਾਂ ਹੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਸ. ਨਿਰਮਲ ਸਿੰਘ ਪੁੱਤਰ ਸ. ਦਲੀਪ ਸਿੰਘ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਜਿਲਾ ਗੁਰਦਾਸਪੁਰ ਦੇ ਫਤੇਗੜ੍ਹ ਚੂੜੀਆਂ ਦੇ ਨਜਦੀਕ ਵੱਸਦੇ ਨਗਰ ਪਿੰਡੀ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿਚ ਹੋ ਰਹੇ ਸਿਮ੍ਰਤੀ ਸਮਾਗਮ ਸਮੇਂ ਦਰਸ਼ਨ ਦੇਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਕੀਤੀ। ਮਿਤੀ 30 ਦਸੰਬਰ 2019 ਮੁਤਾਬਿਕ 15 ਪੋਹ 2076 ਬਿਕ੍ਰਮੀ ਦਿਨ ਸੋਮਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਬਾਅਦ ਸਿਖਾਂ ਸੇਵਕਾਂ ਸਹਿਤ ਚਾਲੇ ਪਾਏ ਤਾਂ ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਹੁੰਦੇ ਹੋਏ ਫਤਿਹਗੜ ਚੂੜੀਆਂ ਦੇ ਪਾਸ ਨਗਰ ਪਿੰਡੀ ਵਿਖੇ 11:30 ਸ. ਨਿਰਮਲ ਸਿੰਘ ਦੇ ਘਰ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਪ੍ਰਸ਼ਾਦ ਪਾਣੀ ਛਕਣ ਉਪਰੰਤ ਸ. ਬੱਗਾ ਸਿੰਘ, ਲਖਵੀਰ ਸਿੰਘ ਅਤੇ ਭੁਪਿੰਦਰ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ। ਪਿੰਡ ਦੇ ਬਾਹਰਵਾਰ ਡੀ.ਡੀ.ਆਈ ਪ੍ਰਾਈਵੇਟ ਸਕੂਲ ਵਿਚ ਪੰਡਾਲ ਸਜਾਇਆ ਗਿਆ ਸੀ। ਜਿੱਥੇ ਜਥੇਦਾਰ ਜਸਵੀਰ ਸਿੰਘ ਖਿਆਲਾ ਅਤੇ ਦਿਲਬਾਗ ਸਿੰਘ ਵਲਟੋਆ ਦਾ ਜਥਾ ਆਪਣੀ-ਆਪਣੀ ਵਾਰੀ ਅਨੁਸਾਰ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿਚ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ ਤਾਂ ਸਟੇਜ ਤੇ ਸੂਬਾ ਸੰਦੀਪ ਸਿੰਘ ਜੀ ਦਾ ਜਥਾ ਦੀਵਾਨ ਸਜਾ ਰਿਹਾ ਸੀ। ਇਲਾਕਾ ਨਿਵਾਸੀ ਸਾਧ ਸੰਗਤ ਦੀ ਭਰਪੂਰ ਹਾਜਰੀ ਸੀ। ਦੀਵਾਨ ਸਮਾਪਤੀ ਸਮੇਂ ਰਸਤੇ ਵਿਚ ਆਉਂਦੇ ਹੋਏ ਪਿੰਡ ਚੱਕ ਰਮਾਨਾ ਵਿਖੇ ਸ. ਭੁਪਿੰਦਰ ਸਿੰਘ ਦੇ ਘਰ ਚਰਨ ਪਾਉਣ ਦੀ ਕ੍ਰਿਪਾ ਕੀਤੀ ਤਾਂ ਬਟਾਲਾ ਸ਼ਹਿਰ ਵਿਖੇ ਸ, ਜੋਗਿੰਦਰ ਸਿੰਘ ਦੀ ਪਤਨੀ ਬੀਬੀ ਦਲਜੀਤ ਕੌਰ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕ੍ਰਿਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਬਟਾਲੇ ਤੋਂ ਵਾਇਆ ਬਿਆਸ ਵਾਪਸੀ ਆਉਂਦੇ ਹੋਏ, ਫਗਵਾੜਾ ਵਿਖੇ ਸ. ਸੰਤੋਖ ਸਿੰਘ ਝੀਤਾ ਜੀ ਦੇ ਘਰ ਅਰਬਨ ਅਸਟੇਟ ਫਗਵਾੜਾ ਵਿਖੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਇਸੇ ਤਰ੍ਹਾਂ ਹੀ ਦੇਰ ਸ਼ਾਮ ਤੱਕ ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦਾ ਕਾਫਲਾ ਸ੍ਰੀ ਭੈਣੀ ਸਾਹਿਬ ਆਣ ਪਹੁੰਚਾ।

**- ਸੂਬਾ ਬਲਵਿੰਦਰ ਸਿੰਘ ਝੱਲ**

---

## ਸ਼ੋਕ ਸ਼ੰਦੇਸ਼

ਬਹੁਤ ਹੀ ਦੁਖੀ ਹਿਰਦੇ ਨਾਲ ਦੱਸਣਾ ਪੈ ਰਿਹਾ ਹੈ ਕਿ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਉੱਪ ਪ੍ਰਧਾਨ ਬਹੁਤ ਵਧੀਆ ਕਵੀ, ਸੁਹਿਰਦ ਇਨਸਾਨ ਸ੍ਰੀ ਸਰਵਣ ਸਿੰਘ ਚੀਮਾ ਜੀ ਸਾਨੂੰ ਸਭ ਨੂੰ ਕੱਲ 1-1-2020 ਨੂੰ ਸਦੀਵੀ ਵਿਛੋੜਾ ਦੇ ਗਏ ਹਨ।

ਚੀਮਾ ਜੀ ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਮੁੱਢਲੇ ਮੈਂਬਰਾਂ ਵਿਚੋਂ ਸਨ। ਉਹ ਵਧੀਆਂ ਕਵੀ ਹੋਣ ਦੇ ਨਾਲ-ਨਾਲ ਬਹੁਤ ਹੀ ਸੁਹਿਰਦ, ਮਿਲਣਸਾਰ ਤੇ ਪਿਆਰੇ ਇਨਸਾਨ ਸਨ। ਉਹਨਾ ਦੇ ਚਲੇ ਜਾਣ ਨਾਲ ਸਾਹਿਤ ਜਗਤ ਅਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਨੂੰ ਵੱਡਾ ਘਾਟਾ ਪਿਆ ਹੈ।

ਪਿੱਛੇ ਜਿਹੇ ਹੀ ਉਹਨਾਂ ਦੀ ਕਾਵਿ ਪੁਸਤਕ ਛਪੀ ਸੀ ਜੋ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਅੱਸੂ ਦੇ ਮੇਲੇ ਤੇ ਰੀਲੀਜ਼ ਕੀਤੀ ਗਈ ਸੀ। ਉਸ ਵਕਤ ਵੀ ਉਹ ਬੀਮਾਰੀ ਦੀ ਵਜ੍ਹਾ ਕਰਕੇ ਪਹੁੰਚ ਨਹੀਂ ਸੱਕੇ ਸਨ।

ਨਾਮਧਾਰੀ ਪੰਜਾਬੀ ਸਾਹਿਤ ਸਭਾ ਉਹਨਾ ਦੇ ਵਿਛੋੜੇ ਵਿਚ ਬਹੁਤ ਗਹਿਰੇ ਦੁੱਖ ਦਾ ਅਨੁਭਵ ਕਰਦੀ ਹੋਈ ਸ੍ਰੀ ਸਤਿਗੁਰੂ ਜੀ ਦੇ ਚਰਨਾ ਵਿਚ ਅਰਦਾਸ ਕਰਦੀ ਹੈ ਕਿ ਉਹ ਉਹਨਾਂ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**ਲਖਵਿੰਦਰ ਸਿੰਘ ਬਾਜਵਾ**

# ਗੁਰਮਤਿ ਕੀਰਤਨ ਦਰਬਾਰ 3 ਫਰਵਰੀ 2020: ਲੁਧਿਆਣਾ

3 ਫਰਵਰੀ 2020 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਨਾਮਧਾਰੀ ਸੰਗਤ ਲੁਧਿਆਣਾ ਵੱਲੋਂ ਗੁਰਮਤਿ ਕੀਰਤਨ ਦਰਬਾਰ ਦਾ ਆਯੋਜਨ "ਬਾਬਾ ਗੁਰਮੁਖ ਸਿੰਘ ਹਾਲ" ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਵਿਖੇ ਕਰਵਾਇਆ ਗਿਆ। ਇਹ ਸਮਾਗਮ ਸਤਿਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਸ਼ਤਾਬਦੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਬਸੰਤ ਪੰਚਮੀ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰਕਾਸ਼ ਸ਼ਤਾਬਦੀ, ਸਮਰਪਿਤ ਪ੍ਰੋਗਰਾਮ ਸੀ। ਨਾਮਧਾਰੀ ਸੰਗਤ ਲੁਧਿਆਣਾ ਤੇ ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ਦੇ ਲੜਕੇ ਲੜਕੀਆਂ ਬੜੇ ਉਤਸ਼ਾਹ ਨਾਲ ਕਈਆਂ ਦਿਨਾਂ ਤੋਂ ਇਸ ਦੀ ਤਿਆਰੀ ਲਈ ਲੱਗੇ ਹੋਏ ਸਨ। ਆਪ ਜੀ ਠੀਕ 5:30 ਵਜੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਤਾਂ ਸੰਤ ਸੁਰਿੰਦਰ ਸਿੰਘ ਸੂਬਾ ਹਰਭਜਨ ਸਿੰਘ ਹੋਰਾਂ ਦੀ ਅਗਵਾਈ ਹੇਠ ਜੈਕਾਰੇ ਲਾ ਨਾਮਧਾਰੀ ਸੰਗਤ ਲੁਧਿਆਣਾ ਨੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ। ਆਪ ਜੀ ਹਾਲ ਵਿੱਚ ਆਣ ਆਪਣੇ ਆਸਣ ਤੇ ਸੁਭਾਇਮਾਨ ਹੋਏ ਆਗਿਆ ਲੈ ਮੰਚ ਸੰਚਾਲਕ ਸੁਖਵਿੰਦਰ ਸਿੰਘ ਲਾਇਲ ਨੇ ਕੀਰਤਨ ਕਰਨ ਲਈ ਕਾਕਾ ਤਰਨ ਸਿੰਘ ਲੁਧਿਆਣਾ ਜੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਰਹੇ ਸਵਰਗੀ ਸੰਤ ਤਰਸੇਮ ਸਿੰਘ ਜੀ ਦਾ ਪੋਤਰਾ ਹੈ ਅਤੇ ਅਸ਼ਵਿੰਦਰ ਸਿੰਘ ਆਸ਼ੂ ਪਾਸੋਂ ਸੰਗੀਤ ਸਿੱਖਦਾ ਹੈ। ਉਸਨੇ ਭਗਤ ਕਬੀਰ ਜੀ ਦਾ ਉਚਾਰਨ ਕੀਤਾ ਸ਼ਬਦ "ਮਾਧਉ ਜਲ ਕੀ ਪਿਆਸ ਨ ਜਾਇ॥ ਜਲ ਮਹਿ ਅਗਨਿ ਉਠੀ ਅਧਿਕਾਇ॥" ਰਾਗ ਕੇਦਾਰਾ-ਤਾਲ ਪੰਜਾਬੀ ਠੇਕਾ ਵਿੱਚ ਗਾਇਨ ਕੀਤਾ। ਸ. ਅਜੈਪਾਲ ਸਿੰਘ ਹੋਰਾਂ ਤਬਲੇ ਤੇ ਸਾਥ ਦਿੱਤਾ ਨਾਲ, ਹੀ ਲੁਧਿਆਣੇ ਦੇ ਹੋਰ ਬੱਚੇ ਬੈਠੇ ਸਨ।

ਦੂਸਰੇ ਚਰਣ ਵਿੱਚ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸੰਗੀਤ ਸਿਖਿਆਰਥੀ ਬੱਚਿਆਂ ਦੁਆਰਾ ਸ਼ਬਦ ਗਾਇਨ ਕੀਤਾ ਗਿਆ। 4 ਤੋਂ ਛੇ ਸਾਲ ਦੇ ਛੋਟੇ ਬੱਚੇ ਤੇ ਬੱਚੀਆਂ ਮੰਚ ਤੇ ਆਪਣੀ ਉਸਤਾਦ ਬੀਬੀ ਅਵਤਾਰ ਕੌਰ ਨਾਲ ਬੈਠੇ ਜਿੰਨੇ ਸੁੰਦਰ ਦਿਖਾਈ ਦੇ ਰਹੇ ਸਨ ਓਨੀ ਹੀ ਸੁਰੀਲੀ ਤੇ ਮਨੋਹਰ ਆਵਾਜ਼ ਵਿੱਚ ਗੁਰੂ ਗੋਬਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਦਾ ਉਚਾਰਨ ਕੀਤਾ ਸ਼ਬਦ "ਤੁਮ ਹੋ ਸਭ ਰਾਜਨ ਕੇ ਰਾਜਾ" ਰਾਗ ਬਿਹਾਗ ਤਿੰਨ ਤਾਲ ਵਿੱਚ ਗਾਇਨ ਕੀਤਾ। ਇਹਨਾਂ ਨਾਲ ਤਬਲੇ ਤੇ ਉਭੱਰ ਰਹੇ ਨੌਜਵਾਨ ਕਲਾਕਾਰ ਕਾਕਾ ਹਰਨਾਮ ਸਿੰਘ ਨੇ ਸਾਥ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਇਹਨਾਂ ਸਾਰੇ ਬੱਚਿਆਂ ਨੂੰ ਪੁਰਸਕਾਰ ਦੇ ਕੇ ਨਿਵਾਜਿਆ। ਹੁਣ ਬੀਬੀ ਅਵਤਾਰ ਕੌਰ ਸ਼ਰੁਤੀ ਦੀ ਵਾਰੀ ਸੀ। ਬੀਬੀ ਅਵਤਾਰ ਕੌਰ ਨਾਮਧਾਰੀ ਸਮਾਜ ਦੀ ਇੱਕ ਨੌਜਵਾਨ ਤੇ ਹੋਣਹਾਰ ਕਲਾਕਾਰ ਹੈ ਆਪਣੀ ਮੁੱਢਲੀ ਸੰਗੀਤਕ ਤਾਲੀਮ ਪ੍ਰੋਫੈਸਰ ਕ੍ਰਿਪਾਲ ਸਿੰਘ ਜਲੰਧਰ ਤੋਂ ਲੈ ਪੰਡਤ ਅਜੋਏ ਚੱਕਰਵਰਤੀ ਜੀ ਪਾਸੋਂ ਕਲਕੱਤੇ ਜਾ ਸ਼ਰੁਤੀਨੰਦਨ ਵਿਖੇ ਸੰਗੀਤ ਸਿੱਖਿਆ ਤੇ ਅੱਜ ਕੱਲ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਬੱਚਿਆਂ ਨੂੰ ਖਿਆਲ ਅੰਗ ਦੀ ਗਾਇਕੀ ਦੀ ਸੁਰ ਸਾਧਨਾ ਕਰਵਾਉਂਦੀ ਹੈ ਤੇ ਖੁਦ ਗੁਰਮਤਿ ਸੰਗੀਤ ਰਾਗੀ ਬਲਵੰਤ ਸਿੰਘ ਹੋਰਾਂ ਪਾਸੋਂ ਵੀ ਸਿੱਖ ਰਹੇ ਹਨ। ਅਵਤਾਰ ਕੌਰ ਹੋਰਾਂ ਰਾਗ ਬਾਗੇਸ਼ਵਰੀ ਵਿੱਚ ਅਲਾਪ ਲੈ ਡੰਡਉਤ ਆਰੰਭ ਕੀਤੀ। ਗੁਰੂ ਅਰਜਨ ਦੇਵ ਸੱਚੇ ਪਾਤਿਸ਼ਾਹ ਦਾ ਉਚਾਰਨ ਕੀਤਾ ਸ਼ਬਦ "ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾਂ॥" ਤਿੰਨ ਤਾਲ ਵਿੱਚ ਪੜ ਏਕ ਤਾਲ ਵਿੱਚ ਕਬੀਰ ਜੀ ਦਾ ਸ਼ਬਦ " ਗਾਉ ਗਾਉ ਰੀ ਦੁਲਹਨੀ ਮੰਗਲਚਾਰਾ" ਪੜ ਕੇ ਅਖੀਰ ਤੇ ਰਾਗ ਬਾਗੇਸ਼ਵਰੀ ਚ ਹੀ ਕਬੀਰ ਜੀ ਦਾ ਇੱਕ ਹੋਰ ਸ਼ਬਦ "ਸਾਵਲ ਸੁੰਦਰ ਰਾਮਈਆ॥ ਮੇਰਾ ਮਨੁ ਲਾਗਾ ਤੋਹਿ॥" ਗਾ ਕੇ ਸਮਾਪਤੀ ਕੀਤੀ। ਇਹਨਾਂ ਨਾਲ ਦਿਲਰੁਬਾ ਤੇ ਈਸ਼ਰ ਸਿੰਘ ਤੇ ਤਬਲੇ ਤੇ ਅਜੈਪਾਲ ਸਿੰਘ ਹੋਰਾਂ ਸਾਥ ਦਿੱਤਾ। ਨਾਲ ਹੀ ਤਾਨਪੁਰਿਆਂ ਤੇ ਇਹਨਾਂ ਦੀਆਂ ਸ਼ਾਗਿਰਦ ਬੱਚੀਆਂ ਗੁਰਦੇਵ ਕੌਰ ਤੇ ਜਸਵੰਤ ਕੌਰ ਨੇ ਸਾਥ ਦਿੱਤਾ। ਸ੍ਰੀ ਸਤਿਗੁਰੂ ਜੀ ਵਲੋਂ ਇਹਨਾਂ ਸਭ ਨੂੰ ਆਸ਼ੀਰਵਾਦ ਬਖਸ਼ਿਸ਼ ਕੀਤਾ ਗਿਆ।

ਬਾਬਾ ਗੁਰਮੁਖ ਸਿੰਘ ਹਾਲ ਸਤਿਗੁਰੂ ਜੀ ਦੀ ਕਿਰਪਾ ਨਾਲ ਖਚਾ ਖਚ ਭਰ ਛੋਟਾ ਹੁੰਦਾ ਜਾਪ ਰਿਹਾ ਸੀ। ਲੁਧਿਆਣੇ ਤੋਂ ਇਲਾਵਾ ਚੰਡੀਗੜ, ਮੁਹਾਲੀ, ਸ੍ਰੀ ਭੈਣੀ ਸਾਹਿਬ, ਫਗਵਾੜਾ, ਜਲੰਧਰ, ਮੁਠੱਡਾ ਕਲਾਂ ਆਦਿ ਤੋਂ ਸਾਧ ਸੰਗਤ ਹੁਮ ਹੁਮਾਕੇ ਪੁੱਜੀ। ਇਸ ਮੌਕੇ ਨੂੰ ਸੂਰਤਪਾਲ ਸਿੰਘ, ਸੰਤੋਖ ਸਿੰਘ ਲੱਡੀ ਤੇ ਹਰਕੀਰਤ ਸਿੰਘ ਆਪਣੇ ਕੈਮਰਿਆਂ ਵਿੱਚ ਸੰਭਾਲਣ ਦਾ ਯਤਨ ਕਰ ਰਹੇ ਸਨ। ਸ਼ਹਿਰ ਦੀਆਂ ਜਾਣੀਆਂ ਪਹਿਚਾਣੀਆਂ ਰਾਜਨੀਤਕ,ਧਾਰਮਿਕ ਤੇ ਸਮਾਜਿਕ ਹਸਤੀਆਂ ਸਤਿਗੁਰੂ ਜੀ ਦੇ ਦਰਬਾਰ ਵਿੱਚ ਆਪਣੀ ਹਾਜ਼ਰੀ ਲਵਾਉਣ ਆਈਆਂ ਸਨ। ਅਗਲੇ ਚਰਣ ਵਿਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੰਗੀਤ ਵਿਭਾਗ ਦੀ ਮੁਖੀ ਬੀਬੀ ਡਾ. ਨਿਵੇਦਿਤਾ ਸਿੰਘ ਹੋਰਾਂ ਸਤਿਗੁਰੂ ਜੀ ਪਾਸੋਂ ਆਗਿਆ ਲੈ ਰਾਗ ਤੁਖਾਰੀ ਤਿੰਨ ਤਾਲ ਵਿੱਚ ਗੁਰੂ ਨਾਨਕ ਸਾਹਿਬ ਦਾ ਉਚਾਰਨ ਕੀਤਾ ਸ਼ਬਦ "ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ॥ ਗੁਰਿ ਅਲਖੁ ਲਖਾਇਆ ਅਵਰੁ ਨ ਦੂਜਾ ਭਾਲੇ॥" ਬਹੁਤ ਹੀ ਰਸ ਭਿੰਨੀ ਮਧੁਰ ਆਵਾਜ਼ ਵਿੱਚ ਗਾਇਨ ਕਰ ਅਗਲਾ ਸ਼ਬਦ ਰਾਮਕਲੀ ਦੱਖਣੀ ਵਿੱਚ "ਹੇਰਤ ਹੇਰਤ ਹੇ ਸਖੀ ਹੋਇ ਰਹੀ ਹੈਰਾਨੁ॥ ਹਉ ਹਉ ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ॥" ਗੰਵਿਆ ਤੇ ਹੁਣ ਰਾਗ ਬਸੰਤ ਦੀਆਂ ਸੁਰਾਂ ਛੇੜ ਅਲਾਪ ਲਿਆ ਤੇ ਬਸੰਤ ਪੰਜਵਾਂ ਭਾਵ ਗੁਰੂ ਅਰਜਨ ਸਾਹਿਬ ਦਾ ਉਚਾਰਨ ਕੀਤਾ ਸ਼ਬਦ "ਦੇਖੁ ਫੂਲ ਫੂਲ ਫੂਲੇ॥ ਅਹੰ ਤਿਆਗਿ ਤਿਆਗੇ॥" ਪੜ ਸੰਗਤ ਨੂੰ ਆਨੰਦ ਵਿਭੋਰ ਕਰ ਦਿੱਤਾ ਅਖੀਰ ਡਾ. ਸਾਹਿਬ ਨੇ ਆਸਾ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ "ਮੁੰਧ ਸਹਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ॥" ਗਾਇਕੇ ਆਗਿਆ ਲਈ। ਆਪ ਨਾਲ ਦਿਲਰੁਬਾ ਤੇ ਬਹੁਤ ਹੀ ਸੋਹਣਾ ਸਾਥ ਦਿੱਤਾ ਨੌਜਵਾਨ ਸੰਦੀਪ ਸਿੰਘ ਨੇ ਅਤੇ ਤਬਲੇ ਉਪਰ ਨਰਿੰਦਰਪਾਲ ਸਿੰਘ ਅਤੇ ਗਾਇਨ ਤੇ ਤਾਨਪੁਰਾ ਤੇ ਬੀਬੀ ਅਮਨ ਲਤਾ ਅਤੇ ਤੇਜਿੰਦਰ ਕੌਰ ਨੇ ਸਾਥ ਦਿੱਤਾ। ਸ੍ਰੀ ਸਤਿਗੁਰੂ ਜੀ ਨੇ ਇਹਨਾਂ ਸਾਰੇ ਗੁਰੂ ਕੇ ਕੀਰਤਨੀਆਂ ਨੂੰ ਸਿਰੋਪਾਓ ਦੇ ਨਿਵਾਜਿਆ। ਡਾ. ਸਾਹਿਬ ਨੇ ਪਹਿਲੀ ਵਾਰ ਨਾਮਧਾਰੀ ਦਰਬਾਰ ਵਿੱਚ ਪੇਸ਼ਕਾਰੀ ਕੀਤੀ ਸੀ ਤੇ ਅਗਾਂਹ ਤੋਂ ਵੀ ਆਪਣੀ

ਹਾਜ਼ਰੀ ਲਵਾਉਣ ਦੀ ਇੱਛਾ ਜ਼ਾਹਿਰ ਕੀਤੀ।

ਨਾਮਧਾਰੀ ਇਤਿਹਾਸ ਨੂੰ ਦਰਸਾਉਂਦੀ ਇੱਕ ਪ੍ਰਦਰਸ਼ਨੀ ਫੋਟੋਆਂ ਦੇ ਰੂਪ ਵਿੱਚ ਹਾਲ ਦੇ ਗਲਿਆਰੇ ਵਿੱਚ ਲਗਾਈ ਗਈ ਸੀ। ਸ੍ਰੀ ਭੈਣੀ ਸਾਹਿਬ ਦੇ ਵੈੱਬ ਚੈਨਲ ਤੇ ਲਾਈਵ ਟੈਲੀਕਾਸਟ ਕਰਨ ਵਾਲੇ ਨੌਜਵਾਨਾ ਦੀ ਵੀ ਗੱਲ ਕਰਨੀ ਬਣਦੀ ਹੈ ਜੋ ਕਿ ਬੜੀ ਮੇਹਨਤ ਕਰਕੇ ਸਤਿਗੁਰੂ ਜੀ ਦੇ ਦਰਸ਼ਨ ਦੂਰ ਦੁਰੇਡੇ ਬੈਠੀ ਸੰਗਤ ਨੂੰ ਕਰਵਾਉਂਦੇ ਹਨ। ਇਹ ਨੌਜਵਾਨ ਹਨ ਬੰਤਾ ਸਿੰਘ, ਗੁਰਸਾਹਿਬ ਸਿੰਘ, ਲਵਪ੍ਰੀਤ ਸਿੰਘ ਤੇ ਗਿਆਨ ਸਿੰਘ ਤੇ ਪੰਜਵਾਂ ਸ੍ਰੀ ਭੈਣੀ ਸਾਹਿਬ ਸਟੂਡੀਓ "ਚ ਬੈਠਾ ਗੁਰੂ ਕਾ ਪਿਆਰਾ ਯੁਵਰਾਜ ਸਿੰਘ ਹੁੰਦਾ ਹੈ। ਰਾਮਗੜੀਆ ਐਜੂਕੇਸ਼ਨ ਸੋਸਾਈਟੀ ਦੇ ਪ੍ਰਧਾਨ ਸ. ਰਣਜੋਧ ਸਿੰਘਦੁਆਰਾ ਸ੍ਰੀ ਸਤਿਗੁਰੂ ਜੀ ਨੂੰ ਇੱਕ ਕਿਤਾਬ ਭੇਂਟ ਕੀਤੀ ਗਈ "550 ਜੈਮਸ ਆਫ ਸਪਿਰਚੂਅਲ ਵਿਸਡਮ" ਜੋ ਕਿ ਉਹਨਾਂ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚੋਂ 550 ਅਨਮੋਲ ਬਚਨ ਚੁਣ 550ਵੀਂ ਸ਼ਤਾਬਦੀ ਨੂੰ ਅਰਪਣ ਕੀਤੀ ਹੈ। ਨਾਲ ਹੀ ਉਹਨਾਂ ਸ੍ਰੀ ਸਤਿਗੁਰੂ ਜੀ ਨੂੰ ਗੁਰਦਵਾਰਾ ਨਨਕਾਣਾ ਸਾਹਿਬ ਦੀ ਆਪਣੇ ਕੇਮਰੇ ਦੁਆਰਾ ਖਿਚੀ ਗਈ ਮਨਮੋਹਕ ਤਸਵੀਰ ਵੀ ਭੇਟ ਕੀਤੀ। ਉਹਨਾਂ ਦੇ ਨਾਲ ਕਾਲਜ ਦੇ ਪ੍ਰਿੰਸੀਪਲ ਮੈਡਮ ਡ. ਇੰਦਰਜੀਤ ਕੌਰ, ਡਾ. ਨਿਵੇਦਤਾ ਸਿੰਘ, ਜਸਵੰਤ ਸਿੰਘ ਜ਼ਫਰ, ਸੂਫੀ ਗਾਇਕ ਦੇਵ ਦਿਲਦਾਰ, ਸੰਤ ਸੁਰਿੰਦਰ ਸਿੰਘ, ਭਾਈ ਜੀ ਤੇ ਸੂਬਾ ਹਰਭਜਨ ਸਿੰਘ ਜੀ ਵੀ ਮੰਚ ਤੇ ਸਤਿਗੁਰੂ ਜੀ ਦੇ ਚੌਗਿਰਦੇ ਸਨ। ਮੰਚ ਸੰਭਾਲਦਿਆਂ ਸ. ਰਣਯੋਧ ਸਿੰਘ ਹੋਰਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਨਿੱਘਾ ਸਵਾਗਤ ਕਰਦਿਆਂ ਬਹੁਤ ਹੀ ਨਿਮਰਤਾ ਨਾਲ ਆਖਿਆ ਕਿ ਸਾਡੇ ਵੱਡੇ ਭਾਗ ਹਨ ਕਿ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਹਨ ਤੇ ਸਾਨੂੰ ਸੇਵਾ ਕਰਨ ਦਾ ਮੌਕਾ ਬਖਸ਼ਿਆ ਹੈ। ਉਹਨਾਂ ਆਖਿਆ ਕਿ ਅਸੀਂ ਧੰਨ ਹੋ ਗਏ ਹਾਂ ਕਿ ਸਾਨੂੰ ਗੁਰੂ ਘਰ ਦੀਆਂ ਕੀਰਤਨ ਰੀਤਾਂ ਦਾ ਆਨੰਦ ਮਾਨਣ ਦਾ ਸੁਅਵਸਰ ਪ੍ਰਾਪਤ ਹੋਇਆ ਹੈ ਅਰ ਖੁਸ਼ੀ ਦੀ ਗੱਲ ਇਹ ਵੀ ਹੈ ਕਿ ਇਹ ਵਰ੍ਹਾ ਰਾਮਗੜੀਆ ਐਜੁਕੇਸ਼ਨ ਸੋਸਾਇਟੀ ਦੀ ਸਥਾਪਨਾ ਦਾ 50 ਸਾਲਾ ਵੀ ਹੈ। ਕੀਰਤਨ ਦਰਬਾਰ ਦੇ ਅਖੀਰ ਵਿੱਚ ਰਾਗੀ ਬਲਵੰਤ ਸਿੰਘ ਹੋਰਾਂ ਦਾ ਕੀਰਤਨ ਸੀ ਤੇ ਬਹੁਤ ਸਾਰੇ ਕੀਰਤਨ ਦੇ ਰਸੀਏ ਗੁਰੂ ਦੇ ਇਸ ਕੀਰਤਨੀਏ ਨੂੰ ਸੁਣਨ ਲਈ ਉਚੇਚਿਆਂ ਪੁੱਜੇ ਸਨ। ਉਹਨਾਂ ਨੂੰ ਮੰਚ ਤੇ ਸੱਦਾ ਦੇਂਦਿਆਂ ਸ. ਰਣਯੋਧ ਸਿੰਘ ਹੋਰਾਂ ਵਿਸ਼ੇਸ਼ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਿਖਾਇਆ ਬਹੁਤ ਹੀ ਗੁਣੀ ਇਹ ਨੌਜਵਾਨ ਰਾਗੀ ਦੋਂ ਕੀਰਤਨ ਕਰਦਾ ਹੈ ਤਾਂ ਇਸ ਦੁਆਰਾ ਗਾਇਆ ਗਿਆ ਇਕ ਇਕ ਸ਼ਬਦ ਰੂਹ ਨੂੰ ਸਕੂੰਨ ਬਖਸ਼ਦਾ ਹੈ। ਰਾਗ,ਤਾਲ ਤੇ ਗੁਰਬਾਣੀ ਦੀ ਸ਼ੁੱਧਤਾ ਤੇ ਇਸ ਗੁਰੂ ਪਿਆਰੇ ਨੂੰ ਅੰਤਾਂ ਦਾ ਆਬੂਰ ਹਾਸਲ ਹੈ।

ਰਾਗੀ ਬਲਵੰਤ ਸਿੰਘ ਹੋਰਾਂ ਨਾਲ ਡਾ. ਹਰਵਿੰਦਰ ਸਿੰਘ, ਈਸ਼ਰ ਸਿੰਘ ਤਾਰ ਸ਼ਹਿਨਾਈ, ਉਹਨਾਂ ਦਾ ਫਰਜ਼ੰਦ ਕਾਕਾ ਬਸੰਤ ਸਿੰਘ ਤੇ ਤਬਲੇ ਤੇ ਹਰਪ੍ਰੀਤ ਸਿੰਘ ਨਾਮਧਾਰੀ ਹੋਰਾਂ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰ ਆਗਿਆ ਲਈ ਤੇ ਸੰਗਤ ਨੂੰ ਸੰਬੋਧਨ ਹੁੰਦੇ ਬੇਨਤੀ ਆਖਿਆ ਕਿ ਮੇਰੇ ਬਾਰੇ ਜੋ ਕਿਹਾ ਗਿਆ ਹੈ, ਮੈਂ ਜੋ ਕੁਝ ਵੀ ਹਾਂ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਸਚੇਪਾਤਸ਼ਾਹ ਜੀ ਦੀ ਹੀ ਕਿਰਪਾ ਹੈ ਤੇ ਉਹਨਾਂ ਦੀ ਕਿਰਪਾ ਨਾਲ ਉਹਨਾਂ ਪਾਸੋਂ ਜੋ ਕੁਝ ਵੀ ਸਿੱਖ ਸੱਕਿਆਂ ਹਾਂ ਕੋਸ਼ਿਸ਼ ਕਰਾਂਗਾ। ਉਹਨਾਂ ਰਾਗ ਬਸੰਤ ਵਿੱਚ ਸਭ ਤੋਂ ਪਹਿਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਧਰੁਪਦ ਅੰਗ ਵਿੱਚ ਤਾਲਬੱਧ ਤੇ ਰਾਗਬਧ ਕੀਤਾ ਗੁਰੂ ਅਰਜਨ ਸਾਹਿਬ ਦਾ ਉਚਾਰਨ ਕੀਤਾ ਗੁਰਬਾਣੀ ਦਾ ਸਬਦ "ਮੂਲੁ ਨ ਬੂਝੈ ਆਪੁ ਨ ਸੂਝੈ ਭਰਮਿ ਬਿਆਪੀ ਅਹੰ ਮਨੀ॥" ਗਾਇਨ ਕੀਤਾ। ਤਬਲੇ ਤੇ ਧਰੁਪਦ ਦੇ ਖੁੱਲੇ ਬੋਲ, ਤਿਹਾਈਆਂ ਬਾ ਕਮਾਲ ਸਨ, ਨਾਲ ਹੀ ਮੱਧ ਲੈਅ ਵਿੱਚ ਰਾਗ ਬਸੰਤ ਮਾਲਕੌਂਸ ਵਿੱਚ ਭਗਤ ਨਾਮਦੇਵ ਜੀ ਦਾ ਸ਼ਬਦ "ਕਤਿ ਜਾਈਐ ਰੇ ਘਰਿ ਲਾਗਹੁ ਰੰਗ॥" ਬਹੁਤ ਹੀ ਭਾਵਪੂਰਤ ਗਾਇਨ ਕਰ, ਸੰਗਤ ਨੂੰ ਮੰਤਰ ਮੁਗਧ ਕੀਤਾ ਤੇ ਅਖੀਰ ਤਾਲ ਕਹਿਰਵਾ ਚ ਇਕ ਪੁਰਾਤਨ ਰੀਤਿ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਸ਼ਬਦ "ਘਰਿ ਲਾਲ ਆਇਆ ਪਿਆਰਾ ਸਭ ਤਿਖਾ ਬੁਝਾਈ॥" ਗਾ ਕੇ ਸਮਾਪਤੀ ਕੀਤੀ। ਸ੍ਰੀ ਸਤਿਗੁਰੂ ਜੀ ਆਪਣੇ ਰਾਗੀਆਂ ਨੂੰ ਆਸ਼ੀਰਵਾਦ ਬਖਸ਼ਿਆ। ਸਰਦਾਰ ਰਣਯੋਧ ਸਿੰਘ ਹੋਰਾਂ ਅਖੀਰ ਵਿਚ ਫੇਰ ਸ੍ਰੀ ਸਤਿਗੁਰੂ ਜੀ ਦਾ, ਸੰਗਤ ਦਾ ਧੰਨਵਾਦ ਕੀਤਾ ਤੇ ਮੁੜ ਫੇਰ ਅਜੇਹੇ ਕੀਰਤਨ ਦਰਬਾਰ ਕਰਨ ਲਈ ਅਰਜ ਬੇਨਤੀ ਕੀਤੀ। ਲੁਧਿਆਣਾ ਦੇ ਸਾਰੇ ਸੇਵਾ ਕਰਨ ਵਾਲੇ ਨੌਜਵਾਨਾਂ ਤੇ ਬੀਬੀਆਂ ਨੂੰ ਸ਼ਾਬਾਸ਼ ਬਖਸ਼ੀ ਤੇ ਵਿਸ਼ੇਸ਼ ਤੌਰ ਤੇ ਲੰਗਰ ਵਿੱਚ ਸੇਵਾ ਕਰਨ ਵਾਲੇ ਸੇਵਾਦਾਰਾਂ ਨੂੰ ਜਾ ਕੇ ਆਸ਼ੀਰਵਾਦ ਬਖਸ਼ਿਆ। ਸਾਰੀ ਆਈ ਸੰਗਤ ਨੂੰ ਬਹੁਤ ਹੀ ਪਿਆਰ ਨਾਲ ਪ੍ਰਸ਼ਾਦ ਪਾਣੀ ਛਕਾਇਆ ਗਿਆ। ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਕੀਰਤਨ ਦਰਬਾਰ ਯਾਦਗਾਰੀ ਹੋ ਨਿਬੜਿਆ।

**ਸੁਖਵਿੰਦਰ ਸਿੰਘ ਲਾਇਲ**

------------

# ਪਿੰਡ ਟਮਕੌਂਡੀ ਵਿਖੇ ਸਮਾਗਮ

ਪਿੰਡ ਟਮਕੌਂਡੀ ਵਿਖੇ ਸ. ਸੁਖਦੇਵ ਸਿੰਘ (ਸਾਬਕਾ ਸਰਪੰਚ) ਨੇ ਆਪਣੇ ਪੋਤਰੇ ਅੰਗਦ ਸਿੰਘ ਤੇ ਪੋਤਰੀ ਅਸੀਸ ਕੌਰ ਦੇ ਜਨਮ ਦੀ ਖੁਸ਼ੀ ਤੇ ਸ੍ਰੀ ਸਤਿਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਸਧਾਰਨ ਪਾਠ ਦਾ ਭੋਗ ਪੁਆਇਆ। ਭੋਗ ਉਪਰੰਤ ਜਥੇਦਾਰ ਕਮਾਲ ਸਿੰਘ ਜੀ ਤੇ ਸੂਬਾ ਨਿਰੰਜਨ ਸਿੰਘ ਜੀ ਨੇ 'ਸਤਿਗੁਰ ਸਿੱਖ ਕੀ ਕਰੈ ਪ੍ਰਤਿਪਾਲ' ਦੇ ਵਿਸ਼ੇ ਪ੍ਰਭਾਵਸ਼ਾਲੀ ਦੀਵਾਨ ਸਜਾਏ। ਸਾਧ ਸੰਗਤ ਦਾ ਮਹਾਨ ਇੱਕਠ ਸੀ। ਸਾਧ ਸੰਗਤ ਸ੍ਰੀ ਭੈਣੀ ਸਾਹਿਬ, ਉੱਤਰ ਪ੍ਰਦੇਸ਼, ਪੰਜਾਬ ਤੇ ਅਮਕੀਰਾ ਤੋਂ ਪੁੱਜੀ ਹੋਈ ਸੀ। ਇਸ ਸਮੇਂ ਸ. ਅਮਰੀਕ ਸਿੰਘ ਜੀ ਐਮ.ਐਲ.ਏ. ਸਮਰਾਲਾ, ਸ. ਭਗਵਾਨ ਸਿੰਘ (ਸਾਬਕਾ ਚੇਅਰਮੈਨ) ਰੁਪਾਲੋਂ ਤੇ ਸ. ਬਲਜਿੰਦਰ ਸਿੰਘ ਸੰਮਤੀ ਮੈਂਬਰ ਲੋਪੋ ਪੁੱਜੇ ਹੋਏ ਸਨ। ਗੁਰੂ ਕਾ ਲੰਗਰ ਅਤੁੱਟ ਚੱਲਦਾ ਰਿਹਾ। ਆਈ ਸੰਗਤ ਦੀ ਸਰਪੰਚ ਜੀ ਨੇ ਬਹੁਤ ਸੇਵਾ ਕੀਤੀ। ਧਰਮ ਕਾਰਜਾ ਲਈ ਤੇ 'ਸਤਿਜੁਗ' ਨੂੰ ਸਹਾਇਤਾ ਦਿੱਤੀ। ਆਈ ਸਾਧ ਸੰਗਤ ਦਾ ਧੰਨਵਾਦ ਸ. ਕੁਲਵੰਤ ਸਿੰਘ ਜਠੋਲ ਨੇ ਕੀਤਾ।

**ਮਾਸਟਰ ਜਗਮੋਹਨ ਸਿੰਘ ਟਮਕੌਂਡੀ**

# ਪ੍ਰਕਾਸ਼ ਪੂਰਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮੇਲਾ ਬਸੰਤ ਪੰਚਮੀਂ- ਸ੍ਰੀ ਭੈਣੀ ਸਾਹਿਬ

30-31 ਜਨਵਰੀ 2020: ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਾਨਇਆ ਗਿਆ। ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਰਾਜ ਪੱਧਰੀ ਸਮਾਗਮ ਵਿਚ ਰਾਜਨੀਤਿਕ ਹਸਤੀਆਂ, ਸਾਧੂ-ਸੰਤਾਂ ਅਤੇ ਭਰਪੂਰ ਸੰਗਤਾਂ ਨੇ ਹਾਜ਼ਰੀ ਭਰੀ। ਕੈਬਨਿਟ ਮੰਤਰੀ ਸ੍ਰ. ਸਾਧੂ ਸਿੰਘ ਧਰਮਸੋਤ ਸਮਾਗਮ ਵਿਚ ਮੁੱਖ ਅਤਿੱਥੀ ਵਜੋਂ ਸ਼ਾਮਿਲ ਹੋਏ। ਭਾਰਤ ਸਰਕਾਰ ਦੇ ਡਾਕ ਵਿਭਾਗ ਪੰਜਾਬ ਅਤੇ ਚੰਡੀਗੜ੍ਹ ਦੇ ਚੀਫ ਪੋਸਟ ਮਾਸਟਰ ਜਨਰਲ ਸ੍ਰੀ ਵਿਨੇ ਕੁਮਾਰ ਤਿਵਾੜੀ ਜੀ ਆਪਣੀ ਪੂਰੀ ਟੀਮ ਨਾਲ ਹਾਜਰ ਸਨ।

30 ਜਨਵਰੀ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਰੀ ਮੰਦਰ ਵਿਚ ਹਜੂਰੀ ਰਾਗੀ ਜਥੇ. ਸੰਤ ਬਲਵੰਤ ਸਿੰਘ ਜੀ, ਹਰਪ੍ਰੀਤ ਸਿੰਘ, ਹਰਵਿੰਦਰ ਸਿੰਘ, ਸਰਮੁਖ ਸਿੰਘ, ਸ਼ਾਮ ਸਿੰਘ ਨੇ ਕੀਤਾ। ਅਰਦਾਸ ਉਪਰੰਤ ਸੂਬਾ ਬਲਵਿੰਦਰ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਬੜਾ ਭਾਵ ਪੂਰਤ ਵਖਿਆਨ ਕੀਤਾ। ਦੁਪਹਿਰ ਦਾ ਸਮਾਗਮ ਸ੍ਰੀ ਪ੍ਰਤਾਪ ਮੰਦਰ ਵਿਚ ਜਥੇਦਾਰ ਜੋਗਾ ਸਿੰਘ ਜੀ ਅਤੇ ਜਥੇ. ਪ੍ਰੀਤਮ ਸਿੰਘ ਜੀ ਦੇ ਹੱਲੇ ਦੇ ਦੀਵਾਨਾਂ ਨਾਲ 11 ਵਜੇ ਆਰੰਭ ਹੋਇਆ। 12 ਤੋਂ 1 ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿਚ ਨਾਮ ਸਿਮਰਨ ਦੌਰਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰਿਕਾਰਡ ਪ੍ਰਵਚਨ ਸੰਗਤਾਂ ਨੇ ਸਰਵਣ ਕੀਤੇ। 1 ਵਜੇ ਤੋਂ ਪਤਵੰਤੇ ਸੱਜਣਾਂ ਦੇ ਵਖਿਆਣ ਆਰੰਭ ਹੋਏ। ਮੰਚ ਤੇ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਕੈਬਨਿਟ ਮੰਤਰੀ ਸ੍ਰ. ਸਾਧੂ ਸਿੰਘ ਧਰਮਸੋਤ ਅਤੇ ਹੋਰ ਸਮਾਜਿਕ, ਰਾਜਨੀਤਿਕ ਹਸਤੀਆਂ ਹਾਜ਼ਰ ਸਨ। ਸੰਤ ਨਿਸ਼ਾਨ ਸਿੰਘ ਅਤੇ ਸ੍ਰ. ਸੁਵਰਨ ਸਿੰਘ ਵਿਰਕ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਅਤੇ ਫਲਸਫੇ ਬਾਰੇ ਵਿਸਥਾਰ ਪੂਰਵਕ ਵਖਿਆਣ ਕੀਤਾ। ਸੇਵਕ ਹਰਪਾਲ ਸਿੰਘ ਨੇ ਮੰਚ ਸੰਚਾਲਨ ਕਰਦਿਆਂ ਸ੍ਰ. ਮਲਕੀਤ ਸਿੰਘ ਦਾਖਾ, ਬੀਬੀ ਸਤਵਿੰਦਰ ਕੌਰ ਬਿੱਟੀ (ਹਲਕਾ ਇੰਚਾਰਜ ਸਾਹਨੇਵਾਲ) ਸ੍ਰ. ਨਵਤੇਜ ਸਿੰਘ ਚੀਮਾ, ਸੰਤ ਗੁਰੂਚਰਨ ਸਿੰਘ ਮੋਹਾਲੀ ਅਤੇ ਸ੍ਰ. ਚਰਨਜੀਤ ਸਿੰਘ ਅਟਵਾਲ ਨੂੰ ਪੇਸ਼ ਕੀਤਾ।

ਸਾਬਕਾ ਮੰਤਰੀ ਮਲਕੀਤ ਦਾਖਾ ਤੇ ਵਿਧਾਇਕ ਨਵਤੇਜ ਚੀਮਾ ਨੇ ਆਖਿਆ ਸੀ ਭੈਣੀ ਸਾਹਿਬ ਦੀ ਇਸ ਪਵਿੱਤਰ ਭੂਮੀ ਤੋਂ ਦੇਸ਼ ਦੀ ਆਜ਼ਾਦੀ ਦਾ ਮੁੱਢ ਸਤਿਗੁਰੂ ਰਾਮ ਸਿੰਘ ਨੇ ਬੰਨ੍ਹਿਆ। ਇਹ ਅਸਥਾਨ ਆਜ਼ਾਦੀ ਸੰਗਰਾਮ ਦਾ ਮੱਕਾ ਹੈ। ਸੰਤ ਗੁਰੂਬਚਨ ਸਿੰਘ, ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਤੇ ਹਲਕਾ ਇੰਚਾਰਜ ਸਤਵਿੰਦਰ ਕੌਰ ਬਿੱਟੀ ਨੇ ਆਖਿਆ ਸਤਿਗੁਰੂ ਰਾਮ ਸਿੰਘ ਜੀ ਇਸਤਰੀ ਜਾਤੀ ਦੇ ਮੁਕਤੀਦਾਤਾ ਸਨ। ਉਨ੍ਹਾਂ ਵਿਆਹ, ਸਤੀ ਪ੍ਰਥਾ ਤੇ ਦਾਜ ਪ੍ਰਥਾ ਬੰਦ ਜੰਮਦੀਆਂ ਲੜਕੀਆਂ ਨੂੰ ਮਾਰਨਾ, ਬਾਲ ਵਿਆਹ ਆਦਿ ਪ੍ਰਥਾ ਬੰਦ ਕਰਵਾਈ ਅਤੇ ਬੀਬੀਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਮਰਦਾਂ ਦੇ ਬਰਾਬਰ ਕੀਤਾ।

ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਨੇ ਆਖਿਆ ਕਿ ਨਾਮਧਾਰੀ ਇਤਿਹਾਸ ਕੁਰਬਾਨੀਆਂ ਭਰਿਆ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਅੰਦੋਲਨ ਚਲਾਇਆ। ਉਨ੍ਹਾਂ ਨੇ ਅੰਗਰੇਜ਼ਾਂ ਦੀ ਡਾਕ, ਰੇਲ ਗੱਡੀਆਂ, ਕੱਪੜਾ ਤੇ ਸਕੂਲਾਂ ਦਾ ਬਾਈਕਾਟ ਕੀਤਾ, ਜਿਸ ਨੂੰ ਬਾਅਦ 'ਚ ਮਹਾਤਮਾ ਗਾਂਧੀ ਨੇ ਅਪਨਾਇਆ। ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਦੇਸ਼ ਆਜ਼ਾਦ ਹੋਇਆ। ਇਸ ਮੌਕੇ ਮੰਤਰੀ ਧਰਮਸੋਤ ਨੇ ਸ੍ਰੀ ਅੰਮ੍ਰਿਤਸਰ ਦੇ ਕਾਲਜ 'ਚ ਸਥਿਤ ਸਤਿਗੁਰੂ ਰਾਮ ਸਿੰਘ ਚੇਅਰੇ ਲਈ 21 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਅੱਜ ਦੇ ਸਮਾਗਮ ਵਿੱਚ ਭਾਰਤੀ ਡਾਕ ਵਿਭਾਗ ਵੱਲੋਂ ਸਤਿਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਵਰ੍ਹੇ ਅਤੇ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ 'ਸਪੈਸ਼ਲ ਕਵਰ' ਰਿਲੀਜ਼ ਕੀਤੇ ਗਏ। ਪੰਜਾਬ ਅਤੇ ਚੰਡੀਗੜ੍ਹ ਦੇ ਚੀਫ ਪੋਸਟ ਮਾਸਟਰ ਜਨਰਲ ਸ੍ਰੀ ਵਿਨੇ ਕੁਮਾਰ ਜੀ ਤਿਵਾੜੀ, ਡਾ. ਅਮਨਪ੍ਰੀਤ ਸਿੰਘ (ਸ਼ਸ਼ਫੌ) ਲੁਧਿਆਣਾ ਸਿਟੀ, ਸ. ਜਗਮਿੰਦਰ ਸਿੰਘ ਬੇਦੀ ਆਦਿ ਨੇ ਵਿਸ਼ੇਸ਼ ਫਾਈਲ ਕਵਰ ਵਿੱਚ 'ਸਪੈਸ਼ਲ ਕਵਰ' ਲੈ ਕੇ ਮੰਚ ਤੇ ਹਾਜਰ ਹੋਏ। ਸ੍ਰੀ ਸਤਿਗੁਰੂ ਜੀ, ਕੈਬਨਿਟ ਮੰਤਰੀ ਸ੍ਰ. ਧਰਮਸੋਤ ਸਿੰਘ, ਹੰਸਪਾਲ ਜੀ, ਸੁਰਿੰਦਰ ਸਿੰਘ ਨਾਮਧਾਰੀ ਅਤੇ ਸ੍ਰੀ ਨਵਤੇਜ ਚੀਮਾ ਜੀ ਨੇ 'ਵਿਸ਼ੇਸ਼ ਆਵਰਣ' ਜਾਰੀ ਕਰਨ ਦੀ ਰਸਮ ਅਦਾ ਕੀਤੀ। ਸ੍ਰੀ ਜਗਮਿੰਦਰ ਸਿੰਘ ਬੇਦੀ ਜੀ ਨੇ ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਬਾਰੇ ਸੰਖੇਪ ਅਤੇ ਭਾਵਪੂਰਤ ਸ਼ਬਦਾਂ 'ਚ ਜਾਣਕਾਰੀ ਦੇਂਦਿਆਂ ਦੱਸਿਆ ਕਿ ਡਾਕ ਵਿਭਾਗ ਵਲੋਂ ਇਸ ਤੋਂ ਪਹਿਲਾਂ ਵੀ ਨਾਮਧਾਰੀ ਸ਼ਹੀਦਾਂ ਦੀ ਰੈਗੂਲਰ ਡਾਕ ਟਿਕਟ, ਸਤਿਗੁਰੂ

ਰਾਮ ਸਿੰਘ ਜੀ ਦੀ ਤਸਵੀਰ ਵਾਲਾ 'ਸਪੈਸ਼ਲ ਕਵਰ' ਅਤੇ ਸਤਿਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਸਥਾਨਾਂ ਦੀਆਂ ਤਸਵੀਰਾਂ ਵਾਲੀਆਂ ਡਾਕ ਟਿਕਟਾਂ ਜਾਰੀ ਹੋ ਚੁੱਕੀਆਂ ਹਨ। ਸਿੱਕੇ ਅਤੇ ਡਾਕ ਵਿਭਾਗ ਵਲੋਂ ਜਾਰੀ ਟਿਕਟਾਂ ਇਤਿਹਾਸ ਨੂੰ ਸਦੀਆਂ ਤੱਕ ਸਾਂਭਣ ਦਾ ਉੱਤਮ ਸ੍ਰੋਤ ਹੁੰਦੀਆਂ ਹਨ। ਸ੍ਰੀ ਵਿਨੇ ਕੁਮਾਰ ਜੀ ਦੀ ਅਗਵਾਈ ਵਿੱਚ ਡਾਕ ਵਿਭਾਗ ਦੀ ਟੀਮ ਵਿੱਚ ਸ੍ਰੀ ਬ੍ਰਿਜੇਸ਼ ਸੂਦ, ਸ੍ਰੀ ਰਾਜੇਸ਼ ਸੇਠੀ, ਅੰਜੂ ਬਾਲਾ, ਪਰਮਜੀਤ ਸਿੰਘ ਭੈ.ਸਾ. ਮੁਕੇਸ਼ ਮਲਹੋਤਰਾ, ਵਿਵੇਕ ਨਾਇਰ ਆਦਿ ਡਾਕ ਵਿਭਾਗ ਦੀ ਪੂਰੀ ਟੀਮ ਵੀ ਸ਼ਾਮਲ ਹੋਈ। ਡਾਕ ਵਿਭਾਗ ਵਲੋਂ ਆਧਾਰ ਕਾਰਡ ਦੀ ਕੁਰੈਕਸ਼ਨ ਕਰਵਾਉਣ ਜਾਂ ਨਵੇਂ ਬਣਵਾਉਣ ਲਈ ਵੀ ਪੂਰਾ ਦਿਨ ਮਹਿਕਮੇ ਦੀ ਟੀਮ ਸੰਗਤਾਂ ਦੀ ਸੇਵਾ ਵਿੱਚ ਹਾਜਰ ਰਹੀ। 'ਵਿਸ਼ੇਸ਼ ਆਵਰਣ' ਰਿਲੀਜ਼ ਸਮਾਰੋਹ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਗਤਾਂ ਨੂੰ ਨਾਮ-ਬਾਣੀ ਨੂੰ ਜੁੜਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ਾਂ ਅਨੁਸਾਰ ਜੀਵਨ ਜੀਊਣ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਆਏ ਪਤਵੰਤੇ ਸੱਜਣਾਂ ਦਾ ਵਿਸ਼ੇਸ਼ ਕਰਕੇ ਸ੍ਰ. ਸਾਧੂ ਸਿੰਘ ਧਰਮਸੋਤ ਅਤੇ ਚੀਫ ਪੋਸਟ ਮਾਸਟਰ ਸ੍ਰੀ ਵਿਨੇ ਤਿਵਾੜੀ ਜੀ ਦੀ ਉਚੇਚਾ ਧੰਨਵਾਦ ਕੀਤਾ। ਉਪਰੰਤ ਹਜੂਰੀ ਰਾਗੀ ਜਥੇ ਨੇ ਸੰਤ ਬਲਵੰਤ ਸਿੰਘ ਜੀ ਦੀ ਅਗਵਾਈ ਵਿਚ ਕੀਰਤਨ ਕੀਤਾ। ਅੱਜ ਦੇ ਸਮਾਗਮ ਵਿਚ ਸ. ਸ਼ਰਨਜੀਤ ਸਿੰਘ ਢਿੱਲੋਂ, ਸ੍ਰੀ ਗਿਆਨ ਬਾਬਾ ਜੀ ਕਠਮੂੰਡ, ਸੰਤ ਕਰਤਾਰ ਸਿੰਘ ਭਜਨਗੜ੍ਹ, ਸੰਤ ਪਾਲਦਾਸ ਜੀ ਕੁਰੁਕਸ਼ੇਤਰ ਤੋਂ ਅਤੇ ਸੰਤ ਅਮਰਜੀਤ ਸਿੰਘ ਉਦਾਸੀ, ਤਰਨਤਾਰਨ ਤੋਂ ਵੀ ਉਚੇਚੇ ਸ਼ਾਮਲ ਹੋਏ।

31 ਜਨਵਰੀ ਨੂੰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਅਤੇ ਸਾਥੀਆਂ ਨੇ ਕੀਤਾ। ਅਨੰਦ ਕਾਰਜ ਹੋਏ ਅਤੇ ਗੁਰਬਾਣੀ ਪਾਠਾਂ ਭੋਗ ਪਾਏ ਗਏ। ਪਿਛਲੇ ਦੋ ਦਿਨਾਂ ਤੋਂ ਸ੍ਰੀ ਭੈਣੀ ਸਾਹਿਬ ਲਾਈਟਾਂ, ਲੜੀਆਂ ਨਾਲ ਬੜਾ ਸੱਜਿਆ, ਸੰਵਾਰਿਆ ਜਗ-ਮਗ ਕਰ ਰਿਹਾ ਸੀ। ਹਰ ਸਾਲ ਦੀ ਤਰ੍ਹਾਂ ਇਸ ਬਸੰਤ ਮੇਲੇ ਦੀ ਸੇਵਾ ਸ੍ਰ. ਸੁਰਿੰਦਰ ਸਿੰਘ ਭਾਈ ਜੀ ਨੇ ਪਰਿਵਾਰ ਸਹਿਤ ਬੜੀ ਸ਼ਰਧਾ ਨਾਲ ਕੀਤੀ। ਨਾਮ-ਬਾਣੀ, ਕਥਾ, ਕੀਰਤਨ ਨਾਲ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੇਲਾ ਚਾਵਾਂ ਅਤੇ ਖੁਸ਼ੀਆਂ ਨਾਲ ਸੰਪੰਨ ਹੋਇਆ।

**-ਹਰਪਾਲ ਸਿੰਘ ਸੇਵਕ**

## ਮਾਤਾ ਗੁਜਰੀ ਜੀ ਅਤੇ ਛੋਟੇ ਸਹਿਬਜਾਦਿਆਂ ਦੀ ਯਾਦ ਵਿੱਚ ਸ਼ਹੀਦੀ ਜੋੜ ਮੇਲਾ

27 ਦਿਸੰਬਰ 2019 ਫਤਹਿਗੜ੍ਹ- ਧਰਮ ਦੀ ਖਾਤਰ ਆਪਾ ਵਾਰਨ ਵਾਲੇ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਸਪੁੱਤਰ ਬਾਬਾ ਜੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਸ਼ਹੀਦੀ ਜੋੜ ਮੇਲਾ (ਸਰਹਿੰਦ) ਫਤਿਹਗੜ੍ਹ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਮਨਾਇਆ ਗਿਆ। ਫਤਿਹਗੜ੍ਹ ਸਾਹਿਬ ਦੀ ਸਮੁੱਚੀ ਨਾਮਧਾਰੀ ਸਾਧ ਸੰਗਤ ਸਮੇਤ ਗਿਆਨੀ ਜੋਗਿੰਦਰ ਸਿੰਘ ਲੁਧਿਆਣਾ ਵੱਲੋਂ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ 27 ਦਸੰਬਰ 2019 ਮੁਤਾਬਿਕ 12 ਪੋਹ 2076 ਬਿਕ੍ਰਮੀ ਦਿਨ ਸ਼ੁੱਕਰਵਾਰ ਨੂੰ 12:30 ਦੁਪਹਿਰ ਸਮੇਂ ਨਾਮਧਾਰੀ ਧਰਮਸਾਲਾ ਫਤਿਹਗੜ੍ਹ ਸਾਹਿਬ ਵਿਖੇ ਦਰਸ਼ਨ ਦਿੱਤੇ। ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ।

ਉਪਰੰਤ ਹਜ਼ੂਰੀ ਰਾਗੀ ਜਥੇ ਨੇ ਸੰਤ ਹਰਬੰਸ ਸਿੰਘ ਘੁੱਲਾ ਦੀ ਅਗਵਾਈ ਵਿਚ ਗੁਰਬਾਣੀ ਦਾ ਕੀਰਤਨ ਕੀਤਾ। ਦੀਵਾਨ ਹਾਲ ਵਿਚ ਸਾਧ ਸੰਗਤ ਦੀ ਭਰਪੂਰ ਹਾਜਰੀ ਸੀ। ਸਵੇਰ ਤੋਂ ਲੈ ਕੇ ਵਿਦਵਾਨ ਜਥੇਦਾਰ ਆਸਾ ਦੀ ਵਾਰ ਦੇ ਕੀਰਤਨ ਤੋਂ ਲੈ ਕੇ ਸ਼ਹੀਦਾਂ ਪ੍ਰਤੀ ਆਪੋ ਆਪਣੀ ਵਾਰੀ ਅਨੁਸਾਰ ਸ਼ਰਧਾ ਦਾ ਪ੍ਰਗਟਾਵਾ ਕਰ ਰਹੇ ਸਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਇਸ ਸ਼ਹੀਦੀ ਮੇਲੇ ਦੀ ਸੇਵਾ ਸਵਰਗਵਾਸੀ ਸੰਤ ਸੁਦਾਗਰ ਸਿੰਘ ਅਤੇ ਮਾਤਾ ਸੰਪੂਰਨ ਕੌਰ ਦੇ ਸਮੁੱਚੇ ਪ੍ਰਵਾਰ ਦੀ ਪ੍ਰਵਾਨ ਹੋਈ।

ਸੰਤ ਸੁਰਿੰਦਰ ਸਿੰਘ ਲੁਧਿਆਣਾ ਸਮੇਤ ਗਿਆਨੀ ਜੋਗਿੰਦਰ ਸਿੰਘ ਦੇ ਪਰਿਵਾਰ ਨੇ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਪਰਿਵਾਰ ਲਈ ਬਖਸ਼ਿਸ਼ ਦੀ ਮੰਗ ਕੀਤੀ। ਹਜੂਰੀ ਰਾਗੀ ਜਥੇ ਦੇ ਕੀਰਤਨ ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ ਅਤੇ ਸ੍ਰੀ ਸਤਿਗੁਰੂ ਜੀ ਜਲ-ਪਾਣੀ ਛਕਣ ਉਪਰੰਤ ਸ੍ਰੀ ਭੈਣੀ ਸਾਹਿਬ ਵਾਪਸੀ ਲਈ ਚੱਲ ਪਏ।

**-ਸੂਬਾ ਬਲਵਿੰਦਰ ਸਿੰਘ**

## ਦਲੀਪ ਕੌਰ ਟਿਵਾਣਾ ਨਹੀਂ ਰਹੇ

ਪਦਮ ਸ੍ਰੀ ਸਨਮਾਨ ਅਤੇ ਸਾਹਿਤ ਅਕਾਦਮੀ ਪੁਰਸਕਾਰ ਨਾਲ ਸਨਮਾਨਿਤ ਲੇਖਿਕਾ ਦਲੀਪ ਕੌਰ ਟਿਵਾਣਾ ਕਈ ਦਿਨ ਹਸਪਤਾਲ ਰਹਿਣ ਤੋਂ ਬਾਅਦ ਅੰਤ 31 ਜਨਵਰੀ 2020 ਨੂੰ ਚਲਾਣਾ ਕਰ ਗਏ। ਉਨ੍ਹਾਂ ਨੇ ਲਗਭਗ 4 ਦਰਜਨ ਨਾਵਲ ਰਚਣ ਤੋਂ ਇਲਾਵਾ ਆਲੋਚਨਾ ਅਤੇ ਬਾਲ ਸਾਹਿਤ ਆਦਿ ਨਾਲ ਪੰਜਾਬੀ ਸਾਹਿਤ ਦੀ ਝੋਲੀ ਭਰੀ। ਆਪ ਜੀ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸਤਿਜੁਗ ਨਾਲ ਵੀ ਡੂੰਘੀ ਸਾਂਝ ਸੀ। ਜਦੋਂ ਸਤਿਜੁਗ ਨੂੰ ਅਖਬਾਰ ਤੋਂ ਪਰਚੇ ਦੇ ਰੂਪ ਵਿੱਚ ਸ਼ੁਰੂ ਕੀਤਾ ਤਾਂ ਆਪ ਨੇ ਪ੍ਰਤੀਕਿਰਿਆ ਭੇਜ ਕੇ ਹੌਂਸਲਾ ਅਫਜ਼ਾਈ ਕੀਤੀ। ਆਪ ਦੇ ਜਾਣ ਨਾਲ ਪੰਜਾਬੀ ਸਾਹਿਤ ਜਗਤ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਨਾਮਧਾਰੀ ਦਰਬਾਰ ਅਤੇ ਅਦਾਰਾ ਸਤਿਜੁਗ ਇਸ ਦੁੱਖ ਦੀ ਘੜੀ ਵਿੱਚ ਪਰਮਾਤਮਾ ਅੱਗੇ ਅਰਦਾਸ ਕਰਦਾ ਹੈ ਕਿ ਆਪ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

## ਕੰਵਲ ਸਾਹਿਬ ਨਹੀਂ ਰਹੇ

ਪੰਜਾਬੀ ਬੋਲੀ ਦੇ ਮਹਾਨ ਸਪੂਤ ਜਸਵੰਤ ਸਿੰਘ ਕੰਵਲ ਹੋਰਾਂ ਨੇ ਆਪਣੀ ਸਾਰੀ ਜਿੰਦਗੀ ਪੰਜਾਬੀ ਸਾਹਿਤ ਦੇ ਲੇਖੇ ਲਗਾ ਦਿੱਤੀ। ਕੰਵਲ ਸਾਹਿਬ ਮਹਾਨ ਨਾਵਲਕਾਰ ਤਾਂ ਹੈ ਹੀ ਸਨ ਪਰ ਉਹਨਾਂ ਨਾਲ ਦੀ ਨਾਲ ਕਹਾਣੀਆਂ, ਰੇਖਾ-ਚਿੱਤਰ, ਕਵਿਤਾ, ਲੇਖ, ਸਵੈ-ਜੀਵਨੀ ਅਤੇ ਅਨੁਵਾਦ ਆਦਿ ਤੇ ਕਲਮ ਚਲਾਉਂਦਿਆਂ ਹੋਇਆਂ ਲਗਭਗ 100 ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ। ਨਤੀਜੇ ਵਜੋਂ ਉਹਨਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਅਤੇ ਭਾਰਤੀ ਸਾਹਿਤ ਅਕਾਦਮੀ ਦੇ ਸਨਮਾਨ ਤੋਂ ਇਲਾਵਾ ਹੋਰ ਸੈਂਕੜੇ ਸਨਮਾਨਾਂ ਨਾਲ ਨਿਵਾਜਿਆ ਗਿਆ। ਕੰਵਲ ਸਾਹਿਬ ਦੁਨੀਆਂ ਦੇ ਉਹਨਾਂ ਕੁਝ ਕੁ ਵੱਡੇ ਲੇਖਕਾਂ ਵਿੱਚੋਂ ਹਨ ਜਿਹਨਾਂ ਨੇ 100 ਸਾਲ ਤੋਂ ਉੱਪਰ ਉਮਰ ਭੋਗੀ ਹੈ। ਪੰਜਾਬੀ ਦਾ ਇਹ ਮਾਣ-ਮੱਤਾ ਸਾਹਿਤਕਾਰ ਪੁਸਤਕਾਂ ਅਤੇ ਉਮਰ ਦਾ ਸੈਂਕੜਾ ਪਾਰ ਕਰਦਾ ਹੋਇਆ ਅੰਤ 1 ਫਰਵਰੀ 2020 ਨੂੰ ਅਲਵਿਦਾ ਆਖ ਗਿਆ। ਕੰਵਲ ਸਾਹਿਬ ਦੇ ਜਾਣ ਦਾ ਸਾਹਿਤ ਪ੍ਰੇਮੀਆਂ ਨੂੰ ਅਸਹਿ ਧੱਕਾ ਲੱਗਾ ਹੈ। ਇਸ ਸਮੇਂ ’ਤੇ ਨਾਮਧਾਰੀ ਦਰਬਾਰ ਅਤੇ ਅਦਾਰਾ ਸਤਿਜੁਗ ਕੰਵਲ ਸਾਹਿਬ ਦੇ ਪਰਿਵਾਰ, ਸੱਜਣਾ-ਮਿੱਤਰਾਂ ਅਤੇ ਸਹਿਤ ਪ੍ਰੇਮੀਆਂ ਨਾਲ ਹਮਦਰਦੀ ਪ੍ਰਗਟ ਕਰਦਾ ਹੈ।

## ਵੈਨਕੂਵਰ ਦੇ ਨਾਮਧਾਰੀ ਨੌਜੁਵਾਨਾਂ ਵਲੋਂ ਕੀਤੀ ਲੋੜਵੰਦਾਂ ਦੀ ਸੇਵਾ

ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ ਸਰੀ, ਵੈਨਕੂਵਰ ਦੇ ਨੌਜਵਾਨ ਨਵੇਂ ਕੰਮ ਉਲੀਕ ਰਹੇ ਹਨ ਅਤੇ ਉਹਨਾਂ ਨੂੰ ਪੂਰਾ ਵੀ ਕਰ ਰਹੇ ਹਨ। ਉਹ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮੀਟਿੰਗਜ ਕਰ ਰਹੇ ਹਨ। ਇਹ ਮੀਟਿੰਗਜ ਨਾਲ ਉਹਨਾਂ ਨੇ ਵਾਈਟ ਪਾਈਨ ਬੀਚ, ਸਪੈਨੀਸ਼ ਬੈਕਸ 'ਚ ਪ੍ਰੋਗਰਾਮ ਕੀਤੇ, ਇਕ ਦਿਨ ਇਹਨਾਂ ਨੇ ਇਕੱਠੇ ਹੋ ਕੇ ਪੂਰੀ ਸੰਗਤ ਲਈ ਲੰਗਰ ਤਿਆਰ ਕੀਤਾ। ਹੁਣ ਉਹਨਾਂ ਨੇ 550 ਵੇਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਨੂੰ ਸਮਰਪਿਤ, ਲੋੜਵੰਦ ਲੋਕਾਂ ਨੂੰ ਇੱਕ ਕੇਅਰ ਪੈਕੇਜ਼ ਵੰਡਿਆ। ਠੰਡ ਵਿੱਚ ਠਰ ਰਹੇ ਲੋਕਾਂ ਨੂੰ ਰਾਹਤ ਦੇਣ ਲਈ ਇਹ ਪੈਕੇਜ਼ ਤਿਆਰ ਕੀਤਾ ਗਿਆ। ਜਿਸ ਵਿੱਚ ਜੁਰਾਬਾਂ, ਦਸਤਾਨੇ, ਸਕਾਰਫ, ਟੋਪੀ ਸੀ। ਨਾਲ ਹੀ ਇਕ ਪਚੀ ਜਿਸ ਤੇ ਬਹੁਤ ਸੰਖੇਤ ਨਾਲ ਗੁਰੂ ਨਾਨਕ ਦੇਵ ਜੀ ਵਲੋਂ ਸਿਖਾਏ ਸਿਧਾਂਤ ਲਿਖੇ ਗਏ ਸੀ। ਇਹ ਸਾਰਾ ਪ੍ਰੋਗਰਾਮ ਯੂਥ ਵਲੋਂ ਮਿਲ ਕੇ ਹੋਇਆ, ਸਾਰਿਆਂ ਨੇ ਇਸ ਵਿੱਚ ਹਿੱਸਾ ਪਾਇਆ ਤੇ ਇਕ ਸਫਲ ਪ੍ਰੋਗਰਾਮ ਕੀਤਾ। ਇਸ ਕੇਅਰ ਪੈਕੇਜ ਲਈ ਯੂਥ ਨੇ ਖੁਦ ਹੀ ਪੈਸੇ ਪਾਏ ਅਤੇ ਆਰਥਿਕ ਤੌਰ 'ਤੇ ਵੀ ਹਿੱਸਾ ਪਾਇਆ। ਇਸ ਤਰ੍ਹਾਂ ਦੇ ਲਗਭਗ 140 ਪੈਕ ਤਿਆਰ ਕੀਤੇ ਗਏ। ਛੋਟੇ ਬੱਚਿਆਂ ਨੂੰ ਵੀ ਇਸ ਦਾ ਹਿੱਸਾ ਬਣਾਉਣ ਲਈ ਇਕ ਦਿਨ ਕਢਿਆ ਗਿਆ। ਇਸ ਦਿਨ ਛੋਟੇ-ਛੋਟੇ ਬੱਚਿਆਂ ਨੂੰ ਸੇਵਾ ਦੀ ਮਹੱਤਤਾ ਦਸਣ ਲਈ 7 ਗਰੁੱਪ ਬਣਾਏ ਜਿਸਨਾਂ ਨੂੰ 14 ਯੂਥ ਮੈਂਬਰ ਲੀਡ ਕਰ ਰਹੇ ਸੀ। ਹਰ ਗਰੁੱਪ 'ਚ ਅਲਗ-ਅਲਗ ਵਿਸ਼ੇ ਤੇ ਗਲ ਕੀਤੀ ਗਈ ਅਤੇ ਇਹ ਵਿਸ਼ਿਆ ਤੇ ਗੱਲਾਂ ਲਗਭਗ ਅੱਧਾ ਘੰਟਾ ਚਲੀਆਂ। ਇਕੱਠੇ ਹੋ ਕੇ ਵੈਨਕੂਵਰ 'ਚ ਲੋੜਵੰਦ ਲੋਕਾਂ ਨੂੰ ਇਹ ਪੈਕੇਜ ਦੇਣ ਗਏ। ਇਹ ਸੇਵਾ ਕਰ ਕੇ ਸਾਰੇ ਬਹੁਤ ਖੁਸ਼ ਸੀ। ਅਸੀਂ ਕਿਸੇ ਨੂੰ ਪੈਰਾਂ 'ਚ ਜੁਰਾਬਾਂ ਪਾਉਂਦੇ ਦੇਖਿਆ ਵੀ ਸੇਵਾ ਕਰਕੇ ਸਾਡੇ ਸਾਰਿਆਂ ਦੇ ਮਨਾਂ 'ਚ ਇੱਕ ਅਲਗ ਹੀ ਤਰ੍ਹਾਂ ਦੇ ਹਾਵ-ਭਾਵ ਸੀ। ਅਸੀਂ ਜਿੱਥੇ ਸਤਿਗੁਰੂ ਜੀ ਦਾ ਧੰਨਵਾਦ ਕਰ ਰਹੇ ਸੀ ਕਿ ਉਹਨਾਂ ਸਾਨੂੰ ਇਹ ਸੇਵਾ ਦਾ ਮੌਕਾ ਦਿੱਤਾ। ਉੱਥੇ ਹੀ ਅਸੀਂ ਉਹਨਾਂ ਲੋਕਾਂ ਲਈ ਮਨਾਂ 'ਚ ਦੁਆਵਾਂ ਵੀ ਕਰ ਰਹੇ ਸੀ ਕਿ ਉਹ ਵੀ ਉਸ ਤਰ੍ਹਾਂ ਦੀ ਦੁਨੀਆਂ ਚੋਂ ਬਾਹਰ ਆ ਸਕਣ।

**ਪੁਸ਼ਪਿੰਦਰ ਕੌਰ ਚੰਨਾ**











ਰਾਮਗੜ੍ਹੀਆ ਕਾਲਜ ਲੁਧਿਆਣਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਗੁਰਮਤਿ ਕੀਰਤਨ ਦਰਬਾਰ





ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸੀਨੀਅਰ ਸੈਕੈਂਡਰੀ ਸਕੂਲ ਵੱਲੋਂ ਖੇਡ ਦਿਵਸ ਮਨਾਏ ਜਾਣ
ਸਮੇਂ ਸ੍ਰੀ ਐਚ.ਐਸ.ਹੰਸਪਾਲ ਜੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।





ਨਿਊਯਾਰਕ (ਅਮਰੀਕਾ) ਵਿਖੇ ਦਸਵਾਂ ਅਖੰਡ ਵਰਨੀ ਮੇਲਾ

Date of Publication: 19-02-2020,
Date of Posting: 20-21 Feb. 2020

RNI NO. 55658/93 Delhi Postal Regd. No. DL(W) 01/2055/18-20

# ਪ੍ਰਕਾਸ਼ ਦੀ ਵਧਾਈ

ਸਿਖੀ ਬਗੀਚੇ ਤੇ ਛਾਈ ਖਿਜ਼ਾਂ ਸੀ। ਸੁਹਜ ਤੇ ਮਹਿਕ ਦਾ ਨਾ ਕਿਧਰੇ ਨਿਸਾਂ ਸੀ।
ਜਿੰਦਗੀ ਜੋ ਅਮਲੀ ਸੀ ਅਮਲਾਂ ਨੇ ਮੱਲੀ। ਸੰਧਿਆ ਵੇਲੇ ਵੀ ਸਿਖ ਰਹਿੰਦੇ ਸੀ ਟੱਲੀ।
ਗੇਂਦੇ ਜੁ ਗੁਰਮੁਖ ਮੁਰਝਾਏ ਸੀ ਸਾਰੇ। ਕਿਵੇਂ ਮੁੜ ਪੁੰਗਰਣ ਜੁ ਕਕਰਾਂ ਨੇ ਜਾਰੇ।
ਵਿਰਲਾ ਹੀ ਹਰਿਆ ਸੀ ਬੂਟਾ ਦਿਸੌਂਦਾ। ਸਹਿੰਦਾ ਥਪੇੜਾਂ ਤੇ ਸਮੇਂ ’ਤੇ ਕੁਰਲੌਂਦਾ।
ਸੱਚ ਤੇ ਧਰਮ ਨੇ ਮੁਖੜੇ ਛੁਪਾਏ। ਪਾਪਾਂ ਦੇ ਬਦਲ ਸੀ ਚੁਫੇਰੇ ਛਾਏ।
ਬਾਹਰ ਕੌਣ ਨਿਕਲੇ ਸਭ ਥਾਂ ਅੰਧਘੋਰ ਸੀ। ਨਿਜ ਛਾਂ ਤੋਂ ਪਰੇਸ਼ਾਨ ਬੰਦਾ ਕਮਜ਼ੋਰ ਸੀ।
ਵਿਕੇ ਸ਼ਰੇਆਮ ਜ਼ਹਿਰ ਅੰਮ੍ਰਿਤ ਦੇ ਨਾਂ ’ਤੇ। ਕੋਇਲਾਂ ਤੇ ਬੁਲਬੁਲਾਂ ਦੇ ਲੇਬਲ ਸਨ ਕਾਂ ’ਤੇ।
ਅਣਖ ਤੋਂ ਰਹਿਤ ਸਿੱਖ ਰਹਿਤਾਂ ਸੀ ਭੁੱਲੇ। ਕਾਮ ਤੇ ਕ੍ਰੋਧ ਦੇ ਵਗਦੇ ਸੀ ਬੁੱਲੇ।
ਆਪੋ 'ਚ ਚਲਦੀਆਂ ਸੀ ਨਿਤ ਤਲਵਾਰਾਂ। ਸਾੜਿਆ ਮਹਿਲ ਘਰ ਦੇ ਭੇਤੀ ਗੱਦਾਰਾਂ।
ਸਕਿਆ ਅਟਕ ਨਾ ਅਟਕਾ ਰਾਹ ਜਿਸਦਾ। ਨਸ਼ਿਆਂ ਦੀ ਨਾਲੀ 'ਚ ਫਸਿਆ ਸੀ ਦਿਸਦਾ।
ਜਿਸਦੀ ਬਹਾਦਰੀ ਤੋਂ ਕੰਬਦੇ ਦੁਰਾਨੀ। ਖੱਟਦੇ ਪਏ ਸੀ ਉਹ ਬਿੱਲੀਆਂ ਤੋਂ ਹਾਨੀ।
ਬਾਣੀ ਬਾਣਾ ਨਾ ਨਾਮ ਧਨ ਪੱਲੇ। ਗੁਰੂ ਦਰ ਥਾਂ ’ਤੇ ਦਰ ਵਿਸ਼ਿਆਂ ਨੇ ਮੱਲੇ।
ਤਕੜੇ ਦੇ ਦਾਸ ਬਣ ਮਾੜੇ ਨੂੰ ਕੁੱਟਦੇ। ਇੱਜ਼ਤਾਂ ਦੇ ਰਾਖੇ ਹੀ ਇੱਜ਼ਤਾਂ ਸੀ ਲੁੱਟਦੇ।
ਉਸ ਵੇਲੇ ਕੁੱਖਾਂ ਨਾਲ ਧਰਤੀ ਕੁਰਲਾਈ। ਧਰਮ ਅਤੇ ਧੌਲ ਨੇ ਦਿੱਤੀ ਦੁਹਾਈ।
ਰੱਬ ਜੀ ਨੇ ਸੁਣਿਆ ਜਾਂ ਦੁਖੀਆਂ ਦਾ ਰੌਲਾ। ਆਇਆ ਤਰਸ ਵਿੱਚ ਤਰਸਵਾਨ ਮੌਲਾ।
ਰਾਈਆਂ ਦੇ ਵਿਚ ਆ ਲੀਤਾ ਅਵਤਾਰ ਸੀ। ਬਸੰਤੀ ਉਹ ਮਾਹੀ ਲੈ ਆਇਆ ਬਹਾਰ ਸੀ।
ਨੈਣੀ ਸਰੂਰ ਦਿਲ ਦਇਆ ਦਾ ਭੰਡਾਰਾ। ਗਰੀਬਾਂ ਦਾ ਦਰਦੀ ਤੇ ਵਤਨ ਦਾ ਸਹਾਰਾ।
ਗੋਬਿੰਦ ਸਰੂਪ ਉਹ ਧਰਮ ਰਖਵਾਲਾ। ਚੱਕ੍ਰ ਦੀ ਥਾਂ ਹੱਥ ਉੱਨ ਦੀ ਸੀ ਮਾਲਾ।
ਮਾਲਾ 'ਚ ਡੁਬੀ ਹੋਈ ਨਾਮ ਦੀ ਕਲਾ ਸੀ। ਕਲਾ ਜੁ ਮੰਗਦੀ ਸਰਬੱਤ ਦਾ ਭਲਾ ਸੀ।
ਬਿਨਾਂ ਵਿਤਕਰੇ ਉਹ ਵੰਡੇ ਨਾਮ ਮਸਤੀ। ਮਸਤੀ ਜੋ ਪਾਵੇ ਪਛਾਣੇ ਉਹ ਹਸਤੀ।
ਦੁਨੀਆਂ ਦੀ ਹਸਤੀ ਨੂੰ ਮਿੱਟੀ ਉਹ ਜਾਣੇ। ਦੇਸ਼ਾਂ ਦੇ ਸ਼ਾਹਾਂ ਨੂੰ ਉਹ ਕੰਗਲੇ ਬਖਾਣੇ।
ਤੋਪਾਂ ਦੇ ਗੋਲੇ ਨੂੰ ਠੰਡਾ ਉਹ ਕਰ ਦਏ। ਜਿਹਦੇ ਸਿਰ ਚੀਨੀ ਵਾਲਾ ਹੱਥ ਧਰ ਦਏ।
ਸ਼ਾਹਾਂ ਦਾ ਸ਼ਾਹ ਤੇ ਪੀਰਾਂ ਦਾ ਪੀਰ ਉਹ। ਡਿਗਦੇ ਲਈ ਸੋਟੀ ਤੇ ਭੁੱਖੇ ਲਈ ਰੋਟੀ ਉਹ।
ਉਹਦੇ ਆਉਣ ਨਾਲ ਸੀ ਮੁੜੀਆਂ ਬਹਾਰਾਂ। ਸਿੱਖੀ ਬਗੀਚੇ 'ਚ ਖਿਲੀਆਂ ਗੁਲਜ਼ਾਰਾਂ।
ਕੋਇਲਾਂ ਤੇ ਮੋਰਾਂ ਨੇ ਗੀਤ ਮੁੜ ਗਾਏ। ਚਿੜੀਆਂ ਨੇ ਬਾਜਾਂ ਦੇ ਛੱਕੇ ਛਡਾਏ।
ਸਿੱਖੀ ਦਾ ਪਰਚਮ ਜਿਸ ਉੱਚਾ ਝੁਲਾਇਆ। ਜਿਸ ਦੀ ਇਕ ਕੂਕ ਨੇ ਲੰਡਨ ਹਿਲਾਇਆ।
ਧੀਆਂ ਦਾ ਅਦਬ ਜਿਸ ਮਾਹੀ ਸਿਖਾਇਆ। ਆਜ਼ਾਦੀ ਸੁਦੇਸ਼ੀ ਦਾ ਝੰਡਾ ਝੁਲਾਇਆ।
ਪਿੰਡਾਂ ਤੇ ਸ਼ਹਿਰਾਂ 'ਚ ਗੂੰਜੀ ਸੀ ਬਾਣੀ। ਕਾਇਰਾਂ ਨੂੰ ਕਰ ਗਈ ਉਹ ਮੌਤ ਦਾ ਹਾਣੀ।
ਹੂੰਝੀ ਸਮਾਜ 'ਚ ਜਿਸਨੇ ਬੁਰਾਈ। ਉਸ ਦੇ ਪ੍ਰਕਾਸ਼ ਦੀ ਵਧਾਈ-ਵਧਾਈ।

ਸੰਤ ਨਿਸ਼ਾਨ ਸਿੰਘ ਕਥਾਵਾਚਕ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.